ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 205
Daily Newspaper Friday, October 26, 2018
Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਡੀਪੋਰਟ ਹੋ ਸਕਦੇ ਹਨ ਮੈਰੀਉਆਨਾ ਪੀਣ ਵਾਲੇ ਪਰਮਾਨੈਂਟ ਰੈਜ਼ੀਡੈਂਟ

ਓਟਵਾ ਪੋਸਟ ਬਿਉਰੋ: ਕੈਨੇਡਾ ਵਿੱਚ ਪਰਮਾਨੈਂਟ ਵਾਸੀਆਂ ਨੂੰ ਫੈਡਰਲ ਸਰਕਾਰ ਚੇਤਾਵਨੀ ਦੇ ਰਹੀ ਹੈ ਕਿ ਜੇ ਤੁਸੀਂ ਮੈਰੀਉਆਨਾ ਭਾਵ ਭੰਗ ਦੇ ਨਸ਼ੇ ਕਾਰਣ ਚਾਰਜ ਹੋ ਗਏ ਤਾਂ ਤੁਹਾਨੰ ਕੈਨੇਡਾ ਤੋਂ ਡੀਪੋਰਟ ਹੋਣ ਪੈ ਸਕਦਾ ਹੈ। ਪਰਵਾਸੀਆਂ ਦੇ ਹਿੱਤਾਂ ਲਈ ਵੱਡੇ ਦਾਅਵੇ ਕਰਨ ਵਾਲੀ ਲਿਬਰਲ ਸਰਕਾਰ ਨੇ ਇਸ ਨੇਮ ਨੂੰ ਸ਼ਾਇਦ ਇਸ ਲਈ ਲੁਕਵੇਂ ਢੰਗ ਨਾਲ ਚੁੱਪ ਚੁਪੀਤੇ ਬੀਤੇ ਦਿਨੀਂ ਆਪਣੀ ਵੈੱਬਸਾਈਟ ਉੱਤੇ ਪਾ ਦਿੱਤਾ ਤਾਂ ਜੋ ਕਿਧਰੇ ਚਰਚਾ ਦਾ ਵਿਸ਼ਾ ਬਣ ਜਾਵੇ।



ਚੇਤੇ ਰਹੇ ਕਿ ਜੀ 7 ਮੁਲਕਾਂ ਵਿੱਚ ਕੈਨੇਡਾ ਪਹਿਲਾ ਮੁਲਕ ਹੈ ਜਿਸਨੇ ਭੰਗ ਨੂੰ ਮਨ ਪਰਚਾਵੇ ਵਾਸਤੇ ਗੈਰ ਕਨੂੰਨੀ ਬਣਾਇਆ ਹੈ। ਕੈਨਬਿਸ ਐਕਟ ਭਾਵ ਮੈਰੀਉਆਨਾ ਬਾਰੇ ਬਣਿਆ ਕਨੂੰਨ ਇਹ ਸੰਭਵ ਕਰਦਾ ਹੈ ਕਿ ਗੈਰਕਨੂੰਨੀ ਢੰਗ ਨਾਲ ਭੰਗ ਦੇ ਉਤਪਾਦਨ, ਇਸਨੂੰ ਹੋਰਾਂ ਵਿੱਚ ਵੰਡਣ ਜਾਂ ਕੈਨੇਡਾ ਤੋਂ ਬਾਹਰ ਲਿਜਾਣ ਦੇ ਚਾਰਜ ਲੱਗਣ ਦੀ ਸੂਰਤ ਵਿੱਚ ਤੁਹਾਨੂੰ 14 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ। ਐਨੀ ਹੀ ਸਜ਼ਾ 18 ਸਾਲ ਤੋਂ ਘੱਟ ਦੇ ਬੱਚਿਆਂ ਨੂੰ ਭੰਗ ਵੇਚਣ ਜਾਂ ਭੰਗ ਨਾਲ ਸਬੰਧਿਤ ਕੋਈ ਕਨੂੰਨ ਤੋੜਨ ਲਈ ਕਿਸੇ ਬੱਚੇ ਨੂੰ ਉਤਸ਼ਾਹਿਤ ਕਰਨ ਜਾਂ ਵਰਤਣ ਵਾਲੇ ਨੂੰ ਹੋ ਸਕਦੀ ਹੈ। ਦੂਜੇ ਪਾਸੇ 18 ਦਸੰਬਰ 2018 ਤੋਂ ਨਸ਼ਾ ਕਰਕੇ ਵਾਹਨ ਚਲਾਉਣ ਲਈ ਕੀਤੀਆਂ ਜਾ ਸੱਕਣ ਵਾਲੀਆਂ ਕਈ ਸਜ਼ਾਵਾਂ ਵਿੱਚ ਵੀ ਕੈਦ ਦੀ ਮਿਆਦ 5 ਸਾਲ ਤੋਂ ਵੱਧ ਕੇ 10 ਸਾਲ ਹੋ ਜਾਵੇਗੀ।

ਇਹਨਾਂ ਸਾਰੀਆਂ ਗੱਲਾਂ ਦਾ ਪਰਮਾਨੈਂਟ ਰੈਜ਼ੀਡੈਂਟਾਂ ਅਤੇ ਟੈਂਪਰੇਰੀ ਫੋਰਨ ਵਰਕਰਾਂ ਅਤੇ ਇੰਟਰਨੈਸ਼ਨਲ ਵਿੱਦਿਆਰਥੀਆਂ ਉੱਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਕੈਨੇਡਾ ਦੇ ਇੰਮੀਗਰੇਸ਼ਨ ਕਨੂੰਨ ਮੁਤਾਬਕ ਜੇ ਕਿਸੇ ਨੂੰ ਦਸ ਸਾਲ ਦੀ ਜੇਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੋਵੇ ਜਾਂ ਉਸਨੇ ਅਸਲ ਵਿੱਚ 6 ਮਹੀਨੇ ਤੋਂ ਵੱਧ ਕੈਦ ਕੱਟੀ ਹੋਵੇ ਤਾਂ ਅਜਿਹੇ ਪਰਮਾਨੈਂਟ ਰੈਜ਼ੀਡੈਂਟਾਂ, ਵਿਦੇਸ਼ੀ ਨਾਗਰਿਕਾਂ ਅਤੇ ਟੈਂਪਰੇਰੀ ਵਰਕਰਾਂ ਦਾ ਕੈਨੇਡਾ ਵਿੱਚ ਦਾਖਲਾ ਰੋਕ ਦਿੱਤਾ ਜਾ ਸਕਦਾ ਹੈ। ਰਿਫਿਊਜੀ ਕਲੇਮ ਕਰਨ ਵਾਲਿਆਂ ਦਾ ਕਲੇਮ ਵੀ ਰੱਦ ਹੋ ਸਕਦਾ ਹੈ।

ਵਰਨਣਯੋਗ ਹੈ ਕਿ ਜਦੋਂ ਮੈਰੀਉਆਨਾ ਨੂੰ ਲੀਗਲ ਕਰਨ ਵਾਸਤੇ ਬਿੱਲ ਸੀਨੇਟ ਵਿੱਚ ਪੁੱਜਿਆ ਸੀ ਤਾਂ ਸੀਨੇਟ ਨੇ ਇਹਨਾਂ ਕਾਰਨਾਂ ਕਰਕੇ ਹੀ ਬਿੱਲ ਵਾਪਸ ਹਾਊਸ ਆਫ ਕਾਮਨਜ਼ ਵਿੱਚ ਭੇਜ ਦਿੱਤਾ ਸੀ। ਉਸ ਵੇਲੇ ਬਿੱਲ ਨੂੰ ਤੁਰੰਤ ਪਾਸ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਜੀ ਦਿਲਚਸਪੀ ਲੈ ਕੇ ਸਾਰੇ ਲਿਬਰਲ ਸੀਨੇਟਰਾਂ ਨੂੰ ਇਸ ਬਿੱਲ ਦਾ ਪਾਸ ਹੋਣਾ ਯਕੀਨੀ ਕਰਨ ਲਈ ਤਾਕੀਦ ਕੀਤੀ ਸੀ।

# 6 ਲੱਖ ਡਾਲਰ ਠੱਗਣ ਵਾਲੀ ਤਾਂਤਰਿਕ ਯੌਰਕ ਪੁਲੀਸ ਵੱਲੋਂ ਚਾਰਜ

ਬਰੈਂਪਟਨ ਪੋਸਟ ਬਿਉਰੋ: ਇੱਕ ਸਾਲ ਦੀ ਤਫ਼ਤੀਸ਼ ਅਤੇ ਪੁੱਛ ਪੜਤਾਲ ਤੋਂ ਬਾਅਦ ਯੌਰਕ ਰੀਜਨਲ ਪੁਲੀਸ ਨੇ ਟੋਰਾਂਟੋ ਦੀ ਇੱਕ ਤਾਂਤਰਿਕ ਨੂੰ ਚਾਰਜ ਕੀਤਾ ਹੈ। ਇਸ ਤਾਂਤਰਿਕ ਨੇ ਮਾੜੀਆਂ ਰੂਹਾਂ ਤੋਂ ਛੁਟਕਾਰਾ ਦੁਆਉਣ ਦੀ ਫੀਸ ਵਜੋਂ ਆਪਣੇ ਇੱਕ ਗਾਹਕ ਤੋਂ ਕਥਿਤ ਰੂਪ ਵਿੱਚ 6 ਲੱਖ ਡਾਲਰ ਠੱਗ ਲਏ ਸਨ। ਪੁਲੀਸ ਮੁਤਾਬਕ ਇਹ ਗਾਹਕ 'ਈਵਾਨਾ' ਨਾਮਕ ਤਾਂਤਰਿਕ ਨੂੰ 6 ਸਾਲ ਪਹਿਲਾਂ ਮਿਲਿਆ ਸੀ।



ਪੁਲੀਸ ਮੁਤਾਬਕ ਤਾਂਤਰਿਕ ਨੇ ਆਪਣੇ 67 ਸਾਲਾ ਗਾਹਕ ਨੂੰ ਆਪਣੀਆਂ ਗੱਲਾਂ ਵਿੱਚ ਐਨਾ ਮੋਹਿਤ ਕਰ ਲਿਆ ਕਿ ਉਹ ਮਾੜੀਆਂ ਰੂਹਾਂ ਤੋਂ ਪਿੱਛਾ ਛੁਡਵਾਉਣ ਵਾਸਤੇ ਆਪਣੇ ਘਰ ਨੂੰ ਵੇਚ ਕੇ ਪੈਸੇ ਭਰਨ ਲਈ ਤਿਆਰ ਹੋ ਗਿਆ। ਮਕਾਨ ਤੋਂ ਇਲਾਵਾ ਇਸ ਵਿਅਕਤੀ ਨੂੰ ਆਪਣੀ ਕਾਰ ਵੇਚਣ ਤੋਂ ਇਲਾਵਾ ਕਰੈਡਿਟ ਕਾਰਡ ਅਤੇ ਕਈ ਹੋਰ ਚੀਜ਼ਾਂ ਤੋਂ ਹੱਥ ਧੋਣੇ ਪਏ ਸਨ।

27 ਸਾਲਾਂ ਦੀ ਮੁਟਿਆਰ ਤਾਂਤਰਿਕ ਦਾ ਅਸਲੀ ਨਾਮ ਸਾਮਾਂਥਾ ਸਟੀਵਨਸਨ ਹੈ ਜਿਸਨੂੰ ਈਵਾਨਾ ਲੋਪੇਜ਼ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਵਰਨਣਯੋਗ ਹੈ ਕਿ ਸਾਲ 2016 ਵਿੱਚ ਟੋਰਾਂਟੋ ਸਟਾਰ ਅਖਬਾਰ, ਰਾਇਰਸਨ ਯੂਨੀਵਰਸਿਟੀ ਦੇ ਜਰਨਲਿਜ਼ਮ ਸਕੂਲ ਅਤੇ ਸੀ ਟੀ ਵੀ ਦੇ 5 ਪ੍ਰੋਗਰਾਮ ਵੱਲੋਂ ਇੱਕ ਦਰਜਨ ਦੇ ਕਰੀਬ ਤਾਂਤਰਿਕਾਂ ਨਾਲ ਲੁਕਵੇਂ ਰੂਪ ਵਿੱਚ ਮੁਲਾਕਾਤਾਂ ਕੀਤੀਆਂ ਗਈਆਂ ਸਨ। ਇਸ ਖੋਜ ਵਿੱਚ ਪਾਇਆ ਗਿਆ ਸੀ ਕਿ ਤਾਂਤਰਿਕਾਂ ਦੇ ਭਰਮ ਜਾਲ ਵਿੱਚ ਫੱਸਣ ਵਾਲਿਆਂ ਵਿੱਚ ਅਧਿਆਪਕ, ਰੀਅਲ ਐਸਟੇਟ ਏਜੰਟ, ਡਾਕਟਰ, ਕਾਰਪੋਰੇਟ ਮੈਨੇਜਨ ਅਤੇ ਬੇਅ ਸਟਰੀਟ ਉੱਤੇ ਸ਼ੇਅਰਾਂ ਦੀ ਖਰੀਦੋ ਫਰੋਖਤ ਕਰਨ ਵਾਲੇ ਏਜੰਟਾਂ ਤੱਕ ਤਕਰੀਬਨ ਹਰ ਕਿੱਤੇ ਦੇ ਲੋਕ ਸ਼ਾਮਲ ਹਨ।

ਅਮਰੀਕਾ ਵਿੱਚ ਤਾਂਤਰਿਕਾਂ ਉੱਤੇ ਆਧਰਿਤ ਇੰਡਸਟਰੀ ਦਾ ਕੁੱਲ ਲੈਣ ਦੇਣ 2 ਬਿਲੀਅਨ ਡਾਲਰ ਸਾਲਾਨਾ ਦੇ ਕਰੀਬ ਮੰਨਿਆ ਜਾਂਦਾ ਹੈ।

# ਸੁਪਰੀਮ ਕੋਰਟ ਵਿੱਚ ਦਾਖਲ ਨਹੀਂ ਹੋਈ 'ਡਬਲਿਊ ਐਸ ਓ' ਦੀ ਕਿਰਪਾਨ ਬਾਰੇ ਅਪੀਲ

ਓਟਵਾ ਪੋਸਟ ਬਿਉਰੋ: ਕੈਨੇਡਾ ਦੀ ਸੁਪਰੀਮ ਕੋਰਟ ਨੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊ ਐਸ ਓ) ਦੀ ਉਸ ਅਪੀਲ ਨੂੰ ਦਾਖ਼ਲ ਕਰਨ ਤੋਂ ਨਾਂਹ ਕਰ ਦਿੱਤੀ ਹੈ ਜੋ ਸੰਸਥਾ ਨੇ ਕਿਊਬਿੱਕ ਦੀ ਨੈਸ਼ਨਲ ਅਸੈਂਬਲੀ ਵਿੱਚ ਕਿਰਪਾਨ ਪਾ ਕੇ ਦਾਖਲ ਹੋਣ ਦੇ ਹੱਕ ਬਾਰੇ ਦਾਖ਼ਲ ਕਰਨੀ ਚਾਹੀ ਸੀ। ਵਰਨਣਯੋਗ ਹੈ ਕਿ 2011 ਵਿੱਚ ਕਿਊਬਿੱਕ ਵਿੱਚ ਬਿੱਲ 92 ਬਾਰੇ ਕਿਊਬਿੱਕ ਦੀ ਨੈਸ਼ਨਲ ਅਸੈਂਬਲੀ ਵਿੱਚ ਜਨਤਕ ਗਰੁੱਪਾਂ ਨੂੰ ਆਪੋ ਆਪਣੇ ਪੱਖ ਪੇਸ਼ ਕਰਨ ਲਈ ਬੁਲਾਇਆ ਜਾ ਰਿਹਾ ਸੀ। ਵਰਲਡ ਸਿੱਖ ਆਗਰੇਨਾਈਜ਼ਨ ਇਹਨਾਂ ਗਰੁੱਪਾਂ ਵਿੱਚੋਂ ਇੱਕ ਸੀ ਪਰ ਇਸਦੇ ਨੁਮਾਇੰਦਿਆਂ ਹਰਮਿੰਦਰ ਕੌਰ ਅਤੇ ਬਲਪ੍ਰੀਤ ਸਿੰਘ ਨੂੰ ਕਿਰਪਾਨ ਪਹਿਨੇ ਹੋਣ ਕਾਰਣ ਨੈਸ਼ਨਲ ਅਸੈਂਬਲੀ ਵਿੱਚ ਦਾਖਲ ਨਹੀਂ ਸੀ ਹੋਣ ਦਿੱਤਾ ਗਿਆ। ...ਬਾਕੀ ਪੰਨਾ 3 'ਤੇ

WORLD SIKH ORGANIZATION OF CANADA


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990
www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
647.990.3205

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE & 100% SATISFACTION GUARANTEED
(Insured & Licensed)
Discount For Seniors Single Mothers & Students
CALL FOR FREE ESTIMATES :
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps
Cockroaches · Carpenter Ants · Silver Fish · Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration · Real Estate
Family Law · Business Closing
Corporate · Wills & Estates
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇੰਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੱਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

ਮੰਨ ਪਸੰਦ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops




We Specialize In:

100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

jobs! jobs! jobs! jobs! jobs!

DUNDAS·JAFINE

**HELP WANTED**

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)



**Life is complicated. Insurance doesn't have to be.**

Switch to State Farm®
and receive even further savings when you combine home and auto.



We'll find the best policies to fit your life and advise you of opportunities for potential savings.

*Better things are just around the corner.*
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

StateFarm® IS BECOMING Desjardins Insurance

*Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.*
Desjardins Insurance and related trademarks are trademarks of the Fédération des caisses Desjardins du Québec, used under licence.
*State Farm branded policies are underwritten by Certas Home and Auto Insurance Company.*
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.
1810928CN

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਅਕਾਲੀ ਦਲ ਵਿੱਚ ਦੌਰ ਅਸਤੀਫਿਆਂ ਦਾ,
ਛੱਡ ਗਿਆ ਕੱਲ੍ਹ ਕੋਈ, ਕੋਈ ਅੱਜ ਬੇਲੀ।
ਕੋਈ ਕਹਿੰਦਾ ਘਰੇਲੂ ਜਿਹਾ ਕੰਮ ਬਾਹਲਾ,
ਲਾ ਗਿਆ ਕੋਈ ਬਜ਼ੁਰਗੀ ਦਾ ਪੱਜ ਬੇਲੀ।
ਕਿਸੇ ਕੀਤਾ ਇਤਰਾਜ਼ ਨਹੀਂ ਖਾਸ ਬਹੁਤਾ,
ਚੁੱਪ ਜਿਹੀ ਵੱਟ ਕੇ ਗਿਆ ਈ ਭੱਜ ਬੇਲੀ।
ਕਿਸੇ ਝਿਜਕ ਦੇ ਨਾਲ ਕਹੀ ਬਾਤ ਅਸਲੀ,
ਰਿਹਾ ਨਹੀਂ ਲੀਡਰੀ ਕਰਨ ਦਾ ਹੱਜ ਬੇਲੀ।
ਲੀਡਰ ਇੱਕ ਲਈ ਦਿੱਲੀ ਅਫਵਾਹ ਫੈਲੀ,
ਹੋਇਆ ਬਾਦਲਾਂ ਤੋਂ ਉਹ ਵੀ ਅੱਡ ਬੇਲੀ।
ਕਹਿੰਦਾ ਦਿੱਤਾ ਅਸਤੀਫਾ ਮੈਂ ਨਹੀਂ ਕੋਈ,
ਦਿੱਤਾ ਕੰਮ ਜਿਹਾ ਸਿਰਫ ਆ ਛੱਡ ਬੇਲੀ।

**ਤੀਸ ਮਾਰ ਖਾਂ**

# ਬਾਦਲ ਅਕਾਲੀ ਦਲ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਨੇ ਵੀ ਅਹੁਦੇ ਦਾ ਚਾਰਜ ਛੱਡਿਆ

## ਮਨਜੀਤ ਸਿੰਘ ਜੀ ਕੇ ਨਾਲ ਅੰਦਰੂਨੀ ਖਿੱਚੋਤਾਣ ਬਾਹਰ ਨਿਕਲੀ





ਨਵੀਂ ਦਿੱਲੀ, 25 ਅਕਤੂਬਰ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਵਿੱਚ ਪੰਜਾਬ ਵਿੱਚ ਚੱਲਦੇ ਘਮਸਾਨ ਮਗਰੋਂ ਸਭ ਦੀ ਨਜ਼ਰ ਦਿੱਲੀ ਸਿੱਖ ਗੁਰ-ਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਅੰਦਰੂਨੀ ਜੰਗ ਉਤੇ ਜਾ ਟਿਕੀ ਹੈ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਗਈ ਅਣ-ਮੰਗੀ ਮਾਫ਼ੀ ਦੇ ਗੇੜ ਵਿਚ ਫਸੇ ਅਕਾਲੀ ਦਲ ਨੇ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮਨਜੀਤ ਸਿੰਘ ਜੀ ਕੇ ਦੇ ਸਿਰ ’ਤੇ ਲੜੀਆਂ ਤੇ ਜਿੱਤੀਆਂ ਸਨ, ਪਰ ਬਾਅਦ ਵਿੱਚ ਮਾਹੌਲ ਬਦਲ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਾਹਰ ਤੌਰ ਉੱਤੇ ਮਨਜੀਤ ਸਿੰਘ ਜੀ ਕੇ ਨੂੰ ਕਮੇਟੀ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਅਸਲ ਵਿਚ ਮਨਜਿੰਦਰ ਸਿੰਘ ਸਿਰਸਾ ਦਿੱਲੀ ਸਿੱਖ ਸਿਆਸਤ ਵਿਚ ਮਨਜੀਤ ਸਿੰਘ ਜੀ ਕੇ ਦਾ ਕੱਦ ਬੌਣਾ ਕਰ ਕੇ ਦਿੱਲੀ ਸਿੱਖ ਗੁਰਦਵਾਰਾ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਵਿਚ ਕਮੇਟੀ ਦੇ ਪ੍ਰਧਾਨ ਬਣਨ ਦਾ ਯਤਨ ਕਰਦੇ ਹੋ ਸਕਦੇ ਹਨ। ਇਸ ਦਾ ਇੱਕ ਕਾਰਨ ਇਹ ਹੈ ਕਿ ਪਹਿਲਾਂ ਮਨਜਿੰਦਰ ਸਿੰਘ ਸਿਰਸਾ ਭਾਜਪਾ ਦੀ ਪਸੰਦ ਸਨ ਤੇ ਅੱਜ ਕੱਲ੍ਹ ਮਨਜੀਤ ਸਿੰਘ ਜੀ ਕੇ ਬਣਦੇ ਸੁਣੇ ਜਾਂਦੇ ਹਨ। ਅਮਰੀਕਾ ਅਤੇ ਕੈਨੇਡਾ ਦੌਰੇ ਦੌਰਾਨ ਮਨਜੀਤ ਸਿੰਘ ਨੇ ਜਿਵੇਂ ਓਥੇ ਰੈਫ਼ਰੈਂਡਰਮ 2020 ਦੀ ਵਿਰੋਧਤਾ ਕੀਤੀ ਤੇ ਗਰਮ-ਦਲੀਏ ਸਿੱਖਾਂ ਦੇ ਹਮਲੇ ਦਾ ਸ਼ਿਕਾਰ ਹੋਏ, ਇਸ ਨਾਲ ਉਨ੍ਹਾਂ ਨੂੰ ਭਾਜਪਾ ਦੀ ਖੁਲ੍ਹੀ ਹਮਾਇਤ ਮਿਲਦੀ ਸੁਣੀ ਜਾਣ ਲੱਗੀ ਹੈ। ਪਤਾ ਲੱਗਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਮਨਜੀਤ ਸਿੰਘ ਜੀ ਕੇ ਨੂੰ ਦਿੱਲੀ ਤੋਂ ਅਪਣਾ ਉਮੀਦਵਾਰ ਬਣਾ ਸਕਦੀ ਹੈ। ਦੂਸਰੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਹਮਣੇ ਸਿਰਸਾ ਅਤੇ ਮਨਜੀਤ ਸਿੰਘ ਜੀ ਕੇ ਦੋਵਾਂ ਦੀ ਐਨੀ ਤਾਕਤ ਨਹੀਂ ਕਿ ਸਿਰ ਚੁੱਕ ਕੇ ਗੱਲ ਕਰ ਸਕਣ, ਉਸ ਤੋਂ ਦੋਵੇਂ ਝਿਜਕ ਰਹੇ ਹਨ।

ਇਸੇ ਚੱਕਰ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਬੀਤੀ 22 ਅਕਤੂਬਰ ਨੂੰ ਅਪਣੇ ਸਾਰੇ ਅਧਿਕਾਰ ਦਿੱਲੀ ਕਮੇਟੀ ਦੇ ਜੁਆਇੰਟ ਸਕੱਤਰ ਅਮਰਜੀਤ ਸਿੰਘ ਪੱਪੂ ਨੂੰ ਸੌਂਪ ਦਿੱਤੇ ਸਨ। ਅਮਰਜੀਤ ਸਿੰਘ ਪੱਪੂ ਨੂੰ ਅਧਿਕਾਰ ਸੌਂਪਣ ਦੇ ਲਈ ਜਾਰੀ ਕੀਤੇ ਪੱਤਰ ਵਿੱਚ ਇਹ ਗੱਲ ਸਪਸ਼ਟ ਨਹੀਂ ਤੇ ਗੋਲ ਮੋਲ ਸ਼ਬਦਾਂ ਵਿਚ ਸਿਰਸਾ ਦੇ ਦਸਖ਼ਤਾਂ ਹੇਠ ਲਿਖਿਆ ਹੈ ਕਿ ਜੁਆਇੰਟ ਸਕੱਤਰ ਅਮਰਜੀਤ ਸਿੰਘ ਫ਼ਤਿਹ ਨਗਰ ਨੂੰ ਕਮੇਟੀ ਦੇ ਸੁਚਾਰੂ ਪ੍ਰਬੰਧ ਵਾਸਤੇ ਅਗਲੇ ਹੁਕਮਾਂ ਤਕ ਡਾਕ ਦੇ ਦਸਤਖ਼ਤ ਕਰਨ ਲਈ ਅਧਿਕਾਰਤ ਕੀਤਾ ਜਾਂਦਾ ਹੈ। ਇਸੇ ਚਿੱਠੀ ਦੇ ਆਧਾਰ ਉਤੇ ਮੀਡੀਆ ਵਿੱਚ ਜਨਰਲ ਸਕੱਤਰ ਦੇ ਅਹੁਦੇ ਤੋਂ ਮਨਜਿੰਦਰ ਸਿੰਘ ਸਿਰਸਾ ਦੇ ਅਸਤੀਫ਼ਾ ਦੇਣ ਦੀ ਖਬਰ ਆ ਗਈ ਸੀ, ਪਰ ਬਾਅਦ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਮੈਂ ਜਨਰਲ ਸਕੱਤਰੀ ਤੋਂ ਅਸਤੀਫ਼ਾ ਨਹੀਂ ਦਿਤਾ, ਅਪਣੇ ਰੁਝੇਵੇਂ ਕਾਰਨ ਚਾਰਜ ਅਮਰਜੀਤ ਸਿੰਘ ਪੱਪੂ ਨੂੰ ਦਿੱਤਾ ਹੈ।’ ਮਜ਼ੇਦਾਰ ਗੱਲ ਇਹ ਕਿ ਅਮਰਜੀਤ ਸਿੰਘ ਪੱਪੂ ਮਨਜੀਤ ਸਿੰਘ ਜੀ ਕੇ ਦੇ ਪੁਰਾਣੇ ਸਾਥੀ ਹਨ ਤੇ ਉਸ ਦੀ ਪੁਰਾਣੀ ਪਾਰਟੀ ਵੇਲੇ, ਜਦੋਂ ਹਾਲੇ ਬਾਦਲ ਦਲ ਨਾਲ ਮਨਜੀਤ ਸਿੰਘ ਜੀ ਕੇ ਦਾ ਰਲੇਵਾਂ ਨਹੀਂ ਸੀ ਹੋਇਆ, ਦਾ ਸਾਥ ਹੈ। ਇਸ ਤੋਂ ਪਹਿਲਾਂ ਅਕਤੂਬਰ ਦੇ ਸ਼ੁਰੂ ਵਿਚ ਦਿੱਲੀ ਕਮੇਟੀ ਵਲੋਂ ਮਨਜੀਤ ਸਿੰਘ ਜੀ ਕੇ ਦੇ ਅਸਤੀਫ਼ੇ ਦੇਣ ਦੀ ਗੱਲ ਅਖਬਾਰਾਂ ਵਿੱਚ ਆਈ ਸੀ, ਪਰ ਮਨਜੀਤ ਸਿੰਘ ਜੀ ਕੇ ਨੇ ਕਿਹਾ ਸੀ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ, ਸਿਰਫ ਚਾਰਜ ਹੀ ਕਿਸੇ ਹੋਰ ਨੂੰ ਸੌਂਪਿਆ ਹੈ। ਪਿਛਲੇ ਹਫਤੇ ਮਨਜੀਤ ਸਿੰਘ ਜੀ ਕੇ ਨੇ ਫਿਰ ਅਪਣਾ ਅਹੁਦਾ ਸੰਭਾਲ ਲਿਆ ਤੇ ਇਸ ਦੇ ਬਾਅਦ ਮਨਜਿੰਦਰ ਸਿੰਘ ਸਿਰਸਾ ਨੇ ਚਾਰਜ ਕਿਸੇ ਹੋਰ ਨੂੰ ਸੌਂਪ ਦਿੱਤਾ ਹੈ।

ਅੱਜ ਇਹ ਵੀ ਚਰਚਾ ਹੁੰਦੀ ਰਹੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਵਿਰੋਧ ਵਜੋਂ ਅਹੁਦਾ ਛੱਡ ਕੇ ਜਾਇੰਟ ਸਕੱਤਰ ਅਮਰਜੀਤ ਸਿੰਘ ਪੱਪੂ ਨੂੰ ਚਾਰਜ ਦਿੱਤਾ ਹੈ। ਮਨਜੀਤ ਸਿੰਘ ਜੀ ਕੇ ਛੁੱਟੀ ਤੋਂ ਇਸ ਬੁੱਧਵਾਰ ਮੁੜੇ ਹਨ। ਅਕਾਲੀ ਹਲਕਿਆਂ ’ਚ ਚਰਚਾ ਹੈ ਕਿ ਮਨਜਿੰਦਰ ਸਿੰਘ ਸਿਰਸਾ ਕਈ ਵਾਰ ਮਨਜੀਤ ਸਿੰਘ ਜੀ ਕੇ ਦੇ ਭ੍ਰਿਸ਼ਟਾਚਾਰ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦੱਸਦੇ ਰਹੇ ਸਨ, ਪ੍ਰੰਤੂ ਕੋਈ ਕਾਰਵਾਈ ਨਾ ਹੋਣ ਕਾਰਨ ਰੋਸ ਵਜੋਂ ਉਨ੍ਹਾਂ ਪਾਸੇ ਹੋਣ ਦਾ ਫ਼ੈਸਲਾ ਲਿਆ ਹੈ। ਦਿੱਲੀ ਕਮੇਟੀ ਦੇ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਖੁੱਲ੍ਹੀ ਚਿੱਠੀ ਲਿਖ ਕੇ ਕਿਹਾ ਸੀ ਕਿ ਮਨਜੀਤ ਸਿੰਘ ਜੀ ਕੇ ਵੱਲੋਂ ਗੁਰੂ ਕੀ ਗੋਲਕ ਆਪਣੇ ਚਹੇਤਿਆਂ ਅਤੇ ਰਿਸ਼ਤੇਦਾਰਾਂ ਨੂੰ ਠੇਕੇ ਦੇ ਕੇ ਲੁਟਾਈ ਜਾ ਰਹੀ ਹੈ ਅਤੇ ਮਨਜੀਤ ਸਿੰਘ ਜੀ ਕੇ ਨੇ ਲੱਖਾਂ ਰੁਪਏ ਦੇ ਕੰਮਾਂ ਦਾ ਠੇਕਾ ਆਪਣੀ ਧੀ ਤੇ ਜਵਾਈ ਨੂੰ ਲਾਭ ਪੁਚਾਉਣ ਲਈ ਦਿੱਤਾ ਹੈ, ਜਦੋਂ ਕਿ ਕਮੇਟੀ ਦੇ ਸੰਵਿਧਾਨ ਮੁਤਾਬਕ ਪਰਿਵਾਰਕ ਮੈਂਬਰਾਂ ਦੇ ਨਾਂ ਕਮੇਟੀ ਦਾ ਆਗੂ ਕੋਈ ਕੰਮ ਜਾਂ ਠੇਕਾ ਨਹੀਂ ਲੈ ਸਕਦਾ। ਮਨਜੀਤ ਸਿੰਘ ਜੀ ਕੇ ਦਾ ਕਹਿਣਾ ਹੈ ਕਿ ਉਨ੍ਹਾਂ ਖ਼ਿਲਾਫ਼ ਲਾਏ ਦੋਸ਼ ਝੂਠੇ ਤੇ ਸਿਆਸੀ ਹਨ, ਇਸ ਦੀ ਜਾਂਚ ਕਿਸੇ ਵੀ ਏਜੰਸੀ ਤੋਂ ਕਰਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕਦੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਨਹੀਂ ਕੀਤੀ।

# ਸੁਖਬੀਰ ਸਿੰਘ ਬਾਦਲ ਵੱਲੋਂ ਦਿੱਲੀ ਦੀ ਪਾਰਟੀ ਖਿੱਚੋਤਾਣ ਰੋਕਣ ਲਈ ਮੀਟਿੰਗਾਂ ਸ਼ੁਰੂ

ਨਵੀਂ ਦਿੱਲੀ, 25 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਭ੍ਰਿਸ਼ਟਾਚਾਰ ਤੇ ਕਈ ਹੋਰ ਮਾਮਲਿਆਂ ਕਾਰਨ ਛਿੜੀ ਖਿੱਚੋਤਾਣ ਅੱਜ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦਿੱਲੀ ਤੱਕ ਲੈ ਗਈ। ਉਨ੍ਹਾ ਨੇ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਜਨਰਲ ਸਕੱਤਰ ਮਨਿੰਦਰ ਸਿੰਘ ਸਿਰਸਾ ਦੀ ਖਿੱਚੋਤਾਣ ਹੱਲ ਕਰਨ ਲਈ ਅੱਜ ਆਪਣੀ ਦਿੱਲੀ ਦੀ ਰਿਹਾਇਸ਼ ਵਿਖੇ ਸਾਰੇ ਆਗੂਆਂ ਨਾਲ ਮੀਟਿੰਗ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਕਮੇਟੀ ਦੇ ਕਰੀਬ 20 ਮੈਂਬਰਾਂ ਨਾਲ ਬੰਦ ਕਮਰਾ ਬੈਠਕ ਕਰ ਕੇ ਵੱਖੋ-ਵੱਖ ਗੱਲ ਕੀਤੀ ਤੇ ਮੌਜੂਦਾ ਹਾਲਾਤ ਦੀ ਜਾਣਕਾਰੀ ਲਈ। ਦੱਸਿਆ ਗਿਆ ਹੈ ਕਿ ਇਸ ਵਿੱਚ ਬਹੁਤੇ ਮੈਂਬਰਾਂ ਨੇ ਕੁਰੱਪਸ਼ਨ ਦਾ ਮੁੱਦਾ ਜ਼ੋਰ ਨਾਲ ਉਠਾ ਕੇ ਕਿਹਾ ਕਿ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਉਪਰ ਲੱਗਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਹੋਣੀ ਚਾਹੀਦੀ ਹੈ। ਸੂਤਰਾਂ ਮੁਤਾਬਕ ਮੈਂਬਰਾਂ ਨੇ ਕਿਹਾ ਕਿ ਇਹ ਮੁੱਦਾ ਇੰਨਾ ਫੈਲ ਗਿਆ ਹੈ ਕਿ ਸੰਗਤ ਪੁੱਛਦੀ ਹੈ, ਅਸੀਂ ਸੰਗਤ ਨੂੰ ਕੀ ਜਵਾਬ ਦੇਈਏ। ਅੱਜ ਵੀਰਵਾਰ ਦੀ ਮੀਟਿੰਗ ਵਿੱਚ ਪੱਛਮੀ ਦਿੱਲੀ ਤੇ ਨਵੀਂ ਦਿੱਲੀ ਵੱਲ ਦੇ ਮੈਂਬਰ ਆਏ ਸਨ, ਜਿਨ੍ਹਾਂ ਵਿਚ ਸਾਬਕਾ ਕਮੇਟੀ ਪ੍ਰਧਾਨ ਅਤੇ ਪਟਨਾ ਸਾਹਿਬ ਦੇ ਨਵੇਂ ਪ੍ਰਧਾਨ ਅਵਤਾਰ ਸਿੰਘ ਹਿੱਤ, ਰਣਜੀਤ ਕੌਰ, ਹਰਮਨਜੀਤ ਸਿੰਘ, ਜਗਦੀਸ਼ ਸਿੰਘ ਕਾਹਲੋਂ, ਹਰਜੀਤ ਸਿੰਘ ਪੱਪਾ, ਗੁਰਮੀਤ ਸਿੰਘ ਭਾਟੀਆ, ਨਿਸ਼ਾਨ ਸਿੰਘ ਮਾਨ, ਸਵਰਨ ਸਿੰਘ ਬਰਾੜ, ਮਨਮੋਹਨ ਸਿੰਘ, ਦਲਜੀਤ ਸਿੰਘ ਸਰਨਾ, ਸਰਬਜੀਤ ਸਿੰਘ ਵਿਰਕ ਅਤੇ ਮਹਿੰਦਰ ਸਿੰਘ ਭੁੱਲਰ ਸ਼ਾਮਲ ਸਨ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਮੀਟਿੰਗ ਵਿਚ ਹਾਜ਼ਰ ਸਨ, ਪਰ ਸੁਖਬੀਰ ਸਿੰਘ ਬਾਦਲ ਸਾਰੇ ਮੈਂਬਰਾਂ ਨੂੰ ਇਕੱਲੇ ਮਿਲੇ। ਸੁਖਬੀਰ ਸਿੰਘ ਬਾਦਲ ਨੂੰ ਮਿਲਣ ਪਿੱਛੋਂ ਕੁਝ ਮੈਂਬਰਾਂ ਨੇ ਅਕਾਲੀ ਪਾਰਲੀਮੈਂਟ ਮੈਂਬਰ ਪ੍ਰੋ. ਚੰਦੂਮਾਜਰਾ ਦੇ ਘਰ ਜਾ ਕੇ ਉਨ੍ਹਾਂ ਨਾਲ ਵੀ ਮੀਟਿੰਗ ਕੀਤੀ, ਜਿਸ ਨਾਲ ਮਾਮਲਾ ਵਧਦਾ ਸਮਝਿਆ ਜਾ ਰਿਹਾ ਹੈ।

# ਚੀਨ ਤੇ ਰੂਸ ਉੱਤੇ ਟਰੰਪ ਦੀ ਫੋਨ ਗੱਲਬਾਤ ਚੋਰੀ ਸੁਣਨ ਦਾ ਦੋਸ਼

ਵਾਸ਼ਿੰਗਟਨ, 25 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਫੋਨ ਉਤੇ ਹੋਣ ਵਾਲੀ ਗੱਲਬਾਤ ਨੂੰ ਚੀਨ ਤੇ ਰੂਸ ਚੋਰੀ-ਚੋਰੀ ਸੁਣਦੇ ਹਨ। ਪ੍ਰਸਿੱਧ ਅਖ਼ਬਾਰ ਨਿਊਯਾਰਕ ਟਾਈਮਸ ਨੇ ਖ਼ੁਫ਼ੀਆ ਏਜੰਸੀਆਂ ਦੇ ਹਵਾਲੇ ਨਾਲ ਇਹ ਸਨਸਨੀ ਖੇਜ਼ ਦਾਅਵਾ ਕੀਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਅਖਬਾਰ ਦਾ ਕਹਿਣਾ ਹੈ ਕਿ ਡੋਨਾਲਡ ਟਰੰਪ ਦੇ ਸਾਥੀ ਕਈ ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਲਈ ਸੈੱਲਫੋਨ ਉਤੇ ਗੱਲਬਾਤ ਕਰਨਾ ਸੁਰੱਖਿਅਤ ਨਹੀਂ, ਉਨ੍ਹਾਂ ਨੂੰ ਇਸ ਬਾਰੇ ਵੀ ਦੱਸਿਆ ਗਿਆ ਹੈ ਕਿ ਰੂਸ ਦੇ ਜਾਸੂਸ ਲਗਾਤਾਰ ਫੋਨ ’ਤੇ ਹੋਣ ਵਾਲੀ ਗੱਲਬਾਤ ਦੀ ਸੂਹ ਲੈਂਦੇ ਹਨ। ਰਾਸ਼ਟਰਪਤੀ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਵ੍ਹਾਈਟ ਹਾਊਸ ਦੇ ਲੈਂਡਲਾਈਨ ਫੋਨ ਦੀ ਵਰਤੋਂ ਕਰਨ, ਕਿਉਂਕਿ ਉਹ ਵਧੇਰੇ ਸੁਰੱਖਿਅਤ ਹਨ, ਪਰ ਉਨ੍ਹਾਂ ਨੇ ਆਪਣਾ ਆਈਫੋਨ ਛੱਡਣ ਤੋਂ ਮਨ੍ਹਾਂ ਕਰ ਦਿੱਤਾ ਹੈ। ਅਧਿਕਾਰੀਆਂ ਮੁਤਾਬਕ ਉਹ ਸਿਰਫ਼ ਇਹ ਆਸ ਕਰਦੇ ਹਨ ਕਿ ਉਹ ਸੈੱਲਫੋਨ ’ਤੇ ਗੱਲਬਾਤ ਦੌਰਾਨ ਗੁਪਤ ਸੂਚਨਾਵਾਂ ਤੋਂ ਪਰਹੇਜ਼ ਕਰਨ। ਨਿਊਯਾਰਕ ਟਾਈਮਸ ਨੇ ਅਮਰੀਕਾ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ, ‘ਚੀਨੀ ਜਾਸੂਸ ਅਕਸਰ ਫੋਨ ਉਤੇ ਹੁੰਦੀ ਗੱਲਬਾਤ ਸੁਣਦੇ ਤੇ ਇਸ ਦੀ ਵਰਤੋਂ ਉਹ ਟਰੰਪ ਦੇ ਕੰਮ ਨੂੰ ਬਿਹਤਰ ਤਰੀਕੇ ਨਾਲ ਸਮਝਣ ਤੇ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਪ੍ਰਭਾਵਤ ਕਰਨ ਲਈ ਕਰਦੇ ਹਨ। ਅਖ਼ਬਾਰ ਮੁਤਾਬਕ ਟਰੰਪ ਆਪਣੇ ਦੋਸਤਾਂ ਨਾਲ ਗੱਲਬਾਤ ਕਰਨ ਲਈ ਆਈਫੋਨ ਦੀ ਵਰਤੋਂ ਕਰਦੇ ਹਨ। ਨਿਊਯਾਰਕ ਟਾਈਮਸ ਨੇ ਕਿਹਾ ਕਿ ਅਮਰੀਕੀ ਏਜੰਸੀਆਂ ਨੂੰ ਪਤਾ ਲੱਗਾ ਸੀ ਕਿ ਚੀਨ ਤੇ ਰੂਸ ਵਿਦੇਸ਼ੀ ਸਰਕਾਰਾਂ ਵਿੱਚ ਆਪਣੇ ਸੂਤਰਾਂ ਰਾਹੀਂ ਰਾਸ਼ਟਰਪਤੀ ਟਰੰਪ ਦੀ ਫੋਨ ਹੋਣ ਵਾਲੀ ਗੱਲਬਾਤ ਸੁਣਦੇ ਤੇ ਵਿਦੇਸ਼ੀ ਅਧਿਕਾਰੀਆਂ ਦੀ ਗੱਲਬਾਤ ਦੀ ਵੀ ਨਿਗਰਾਨੀ ਕਰਦੇ ਹਨ।

# ਸੁਪਰੀਮ ਕੋਰਟ ਵਿੱਚ ਦਾਖਲ ਨਹੀਂ ਹੋਈ ‘ਡਬਲਿਊ ਐਸ ਓ’ ਦੀ ਕਿਰਪਾਨ ਬਾਰੇ ਅਪੀਲ

...ਪੰਨਾ 1 ਦਾ ਬਾਕੀ

ਬਿੱਲ 94 ਕਿਉਬਿੱਕ ਵਿੱਚ ਨਿਕਾਬ ਪਹਿਨਣ ਵਾਲੇ ਵਿਅਕਤੀਆਂ ਨੂੰ ਸਰਕਾਰੀ ਸੇਵਾਵਾਂ ਹਾਸਲ ਕਰਨ ਵੇਲੇ ਅਤੇ ਸਰਕਾਰੀ ਨੌਕਰੀ ਲੈਣ ਵੇਲੇ ਨਿਕਾਬ ਲਾਹੁਣ ਬਾਰੇ ਬਣਨ ਵਾਲਾ ਕਨੂੰਨ ਸੀ। ਫਰਵਰੀ 2018 ਵਿੱਚ ਕਿਉਬਿੱਕ ਦੀ ਕੋਰਟ ਆਫ ਅਪੀਲ ਨੇ ਡਬਲਿਊ ਐਸ ਓ ਦੀ ਅਪੀਲ ਇਸ ਆਧਾਰ ਉੱਤੇ ਖਾਰਜ ਕਰ ਦਿੱਤਾ ਸੀ ਕਿ ਧਾਰਮਿਕ ਨਿਸ਼ਾਨ ਪਹਿਨਣ ਵਾਲਿਆਂ ਉੱਤੇ ਦਾਖਲੇ ਦੀ ਪਾਬੰਦੀ ਲਾਉਣਾ ਨੈਸ਼ਨਲ ਅਸੈਂਬਲੀ ਦਾ ਵਿਸ਼ੇਸ਼ ਅਧਿਕਾਰ ਤਹਿਤ ਆਉਂਦਾ ਹੈ। ਕਿਉਬਿੱਕ ਦੀ ਕੋਰਟ ਆਫ ਅਪੀਲ ਨੇ ਆਪਣੇ ਫੈਸਲੇ ਵਿੱਚ ਇਹ ਜਰੂਰ ਕਿਹਾ ਸੀ ਕਿ ਉਹ ਇਸ ਗੱਲ ਉੱਤੇ ਟਿਪੱਣੀ ਨਹੀਂ ਕਰ ਰਹੀ ਕਿ ਕੀ ਨੈਸ਼ਨਲ ਅਸੈਂਬਲੀ ਦਾ ਫੈਸਲਾ ਸਹੀ ਹੈ ਜਾਂ ਨਹੀਂ। ਡਬਲਿਊ ਐਸ ਓ ਨੇ ਕਿਉਬਿੱਕ ਦੀ ਕੋਰਟ ਆਫ ਅਪੀਲ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਅਪੀਲ ਦਾਖਲ ਕਰਨੀ ਚਾਹੀ ਸੀ ਜਿਸਨੂੰ ਸੁਪਰੀਮ ਕੋਰਟ ਨੇ ਦਾਖਲ ਕਰਨ ਤੋਂ ਮਨਾਹੀ ਕਰ ਦਿੱਤੀ ਹੈ। ਡਬਲਿਊ ਐਸ ਓ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਸਿੱਧੇ ਰੂਪ ਵਿੱਚ ਕਿਰਪਾਨ ਧਾਰਨ ਬਾਬਤ ਨਹੀਂ ਸਗੋਂ ਕਿਉਬਿੱਕ ਦੀ ਨੈਸ਼ਨਲ ਅਸੈਂਬਲੀ ਦੇ ਵਿਸ਼ੇਸ਼ ਅਧਿਕਾਰ ਨੂੰ ਬਰਕਰਾਰ ਰੱਖਣ ਬਾਰੇ ਹੈ।

ਕੈਨੇਡਾ ਵਿੱਚ ਕਿਉਬਿੱਕ ਦੀ ਨੈਸ਼ਨਲ ਅਸੈਂਬਲੀ ਅਤੇ ਸਰਕਾਰੀ ਜੇਲਾਂ ਸਿਰਫ਼ ਦੋ ਥਾਵਾਂ ਹਨ ਜਿੱਥੇ ਕਿਰਪਾਨ ਧਾਰਨ ਨਹੀਂ ਕੀਤੀ ਜਾ ਸਕਦੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
ਗਰਦਨ ਦਰਦ • ਸਿਰਦਰਦ • ਕਮਰ ਦਰਦ
ਡਿਸਕ ਦਾ ਦਰਦ • ਤੁਰਨ ਵੇਲੇ ਲੱਤਾਂ ਵਿੱਚ ਦਰਦ
ਗੋਡਿਆਂ ਵਿੱਚ ਦਰਦ ਜਾਂ ਸੋਜ • ਪੱਸਲੀਆਂ ਦਾ ਦਰਦ
ਅੱਡੀਆਂ ਦਾ ਦਰਦ • ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋਂ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
1 on 1 Training
Forklift Training
Forklift $79 Recertification
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਸੀ ਬੀ ਆਈ ਦੇ ਅਹੁਦੇ ਤੋਂ ਲਾਹੇ ਮੁਖੀ ਦੀ ਜਾਸੂਸੀ ਕਰ ਰਹੇ ਚਾਰ ਖੁਫੀਆ ਕਰਮਚਾਰੀ ਕਾਬੂ



ਨਵੀਂ ਦਿੱਲੀ, 25 ਅਕਤੂਬਰ, (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵਿੱਚ ਚੱਲਦਾ ਝਗੜਾ ਅੱਜ ਓਦੋਂ ਹੋਰ ਡੂੰਘਾ ਹੋ ਗਿਆ, ਜਦੋਂ ਸਾਰੇ ਅਧਿਕਾਰ ਖੋਹ ਕੇ ਛੁੱਟੀ ਭੇਜੇ ਗਏ ਇਸ ਜਾਂਚ ਏਜੰਸੀ ਦੇ ਡਾਇਰੈਕਟਰ ਆਲੋਕ ਵਰਮਾ ਦੀ ਸਰਕਾਰੀ ਰਿਹਾਇਸ਼ ਮੂਹਰੇ ਚਾਰ ਜਣਿਆਂ ਨੂੰ ਫੜ ਲਿਆ ਗਿਆ। ਅਧਿਕਾਰੀਆਂ ਦੇ ਮੁਤਾਬਕ ਇਹ ਖ਼ੁਫ਼ੀਆ ਬਿਊਰੋ (ਆਈ ਬੀ) ਨਾਲ ਸਬੰਧਤ ਸਨ। ਗ੍ਰਹਿ ਮੰਤਰਾਲੇ ਦੇ ਅਫਸਰਾਂ ਨੇ ਕਿਹਾ ਕਿ ਚਾਰੇ ਜਣੇ ਉੱਚ ਸੁਰੱਖਿਆ ਵਾਲੇ ਇਲਾਕੇ 2-ਜਨਪਥ ਉੱਤੇ ਆਪਣੀ ਰੁਟੀਨ ਡਿਊਟੀ ਉੱਤੇ ਸਨ। ਜਾਣਕਾਰ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਪੁਲੀਸ ਆਪਣੇ ਨਾਲ ਲੈ ਗਈ ਤੇ ਪੁੱਛ-ਗਿੱਛ ਕੀਤੀ ਗਈ, ਪਰ ਡੀ ਸੀ ਪੀ (ਨਵੀਂ ਦਿੱਲੀ) ਮਧੁਰ ਵਰਮਾ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਪੁੱਛ-ਗਿੱਛ ਕਰਨ ਦੀ ਖਬਰ ਤੋਂ ਇਨਕਾਰ ਕੀਤਾ ਹੈ।

ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਖ਼ੁਫ਼ੀਆ ਬਿਊਰੋ ਨੂੰ ਅੰਦਰੂਨੀ ਸੁਰੱਖਿਆ ਅਤੇ ਲੋਕਾਂ ਉੱਤੇ ਪੈਣ ਵਾਲੇ ਅਸਰ ਬਾਰੇ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਇਸ ਤੋਂ ਇਲਾਵਾ ਸੰਵੇਦਨਸ਼ੀਲ ਇਲਾਕਿਆਂ 'ਚ ਵੀ ਉਨ੍ਹਾਂ ਨੂੰ ਲਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਸਥਾਨਕ ਏਜੰਸੀਆਂ ਦੀ ਮਦਦ ਨਾਲ ਉਨ੍ਹਾਂ ਦੀ ਡਿਊਟੀ ਲਾਈ ਜਾਂਦੀ ਹੈ, ਪਰ ਕਈ ਵਾਰ ਗੁੱਪ-ਚੁੱਪ ਢੰਗ ਨਾਲ ਉਨ੍ਹਾਂ ਤੋਂ ਕੰਮ ਲਿਆ ਜਾਂਦਾ ਹੈ। ਉਸ ਨੇ ਦੱਸਿਆ ਕਿ ਰੂਟੀਨ ਡਿਊਟੀ ਉੱਤੇ ਹੋਣ ਕਰਕੇ ਅਜਿਹੇ ਅਧਿਕਾਰੀਆਂ ਕੋਲ ਸ਼ਨਾਖ਼ਤੀ ਕਾਰਡ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਕ ਯੂਨਿਟ ਅੱਜ ਤੜਕੇ ਜਨਪਥ 'ਤੇ ਰੁਕਿਆ ਹੋਇਆ ਸੀ, ਕਿਉਂਕਿ ਉਥੇ ਕੁਝ ਗ਼ੈਰ ਮਾਮੂਲੀ ਲੋਕਾਂ ਦਾ ਇਕੱਠ ਸੀ। ਅਜਿਹੇ ਸਥਾਨ ਉੱਤੇ ਲੋਕਾਂ ਦੇ ਇਕੱਠੇ ਹੋਣ ਦਾ ਜਾਇਜ਼ਾ ਲਿਆ ਜਾ ਰਿਹਾ ਸੀ। ਇਕ ਹੋਰ ਅਧਿਕਾਰੀ ਨੇ ਕਿਹਾ, 'ਇਹ ਹਾਈ ਸਕਿਓਰਟੀ ਜ਼ੋਨ ਦਾ ਇਲਾਕਾ ਹੈ, ਜਿਥੇ ਕਈ ਅਹਿਮ ਹਸਤੀਆਂ ਰਹਿੰਦੀਆਂ ਹਨ।'

ਇਸ ਦੌਰਾਨ ਦਿੱਲੀ ਦੀ ਇੱਕ ਅਦਾਲਤ ਨੇ ਜਾਂਚ ਏਜੰਸੀ ਦੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਖਿਲਾਫ ਰਿਸ਼ਵਤ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਮਨੋਜ ਪ੍ਰਸਾਦ ਦਾ ਸੀ ਬੀ ਆਈ ਰਿਮਾਂਡ ਪੰਜ ਦਿਨਾਂ ਲਈ ਹੋਰ ਵਧਾ ਦਿੱਤਾ ਹੈ। ਸੀ ਬੀ ਆਈ ਦੇ ਵਿਸ਼ੇਸ਼ ਜੱਜ ਸੰਤੋਸ਼ ਸਨੇਹੀ ਮਾਨ ਨੇ ਰਿਸ਼ਵਤ ਦੇ ਦਲਾਲ ਮਨੋਜ ਪ੍ਰਸਾਦ ਦੀ ਹਿਰਾਸਤੀ ਪੁੱਛ-ਗਿੱਛ ਦੀ ਜਾਂਚ ਏਜੰਸੀ ਵੱਲੋਂ ਕੀਤੀ ਗਈ ਮੰਗ ਨੂੰ ਮੰਨ ਲਿਆ।

ਦੂਸਰੇ ਪਾਸੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਸੁਬਰਾਮਣੀਅਮ ਸਵਾਮੀ ਨੇ ਅੱਜ ਅਹਿਮਦਾਬਾਦ ਵਿੱਚ ਕਿਹਾ ਕਿ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਭ੍ਰਿਸ਼ਟਾਚਾਰ ਉੱਤੇ ਨਕੇਲ ਕੱਸਣ ਦੇ ਲਈ ਚੰਗਾ ਕੰਮ ਕਰ ਰਹੇ ਹਨ। ਸਵਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਆਲੋਕ ਵਰਮਾ ਦੇ ਖ਼ਿਲਾਫ਼ ਕੀਤੀ ਗਈ ਕਾਰਵਾਈ ਬਾਰੇ ਮੁੜ ਵਿਚਾਰ ਕਰਨ। ਉਨ੍ਹਾ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਉਤੇ ਪੂਰਾ ਭਰੋਸਾ ਹੈ, ਪਰ ਉਨ੍ਹਾਂ ਦੇ ਨੇੜਲੇ ਕੁਝ ਵਿਅਕਤੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਓਧਰ ਸੀ ਬੀ ਆਈ ਦੇ ਬੁਲਾਰੇ ਨੇ ਅੱਜ ਇਹ ਹੈਰਾਨੀ ਵਾਲੀ ਗੱਲ ਕਹੀ ਕਿ ਆਲੋਕ ਵਰਮਾ ਤੇ ਰਾਕੇਸ਼ ਅਸਥਾਨਾ ਇਸ ਏਜੰਸੀ ਦੇ ਅਜੇ ਵੀ ਡਾਇਰੈਕਟਰ ਅਤੇ ਵਿਸ਼ੇਸ਼ ਡਾਇਰੈਕਟਰ ਹਨ। ਸੀ ਬੀ ਆਈ ਬੁਲਾਰੇ ਅਭਿਸ਼ੇਕ ਦਿਆਲ ਨੇ ਕਿਹਾ ਕਿ ਜਦੋਂ ਤਕ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਦੋਵੇਂ ਅਫਸਰ ਨਾਲ ਸਬੰਧਤ ਜਾਂਚ ਦਾ ਫ਼ੈਸਲਾ ਨਹੀਂ ਲੈ ਲੈਂਦਾ, ਓਦੋਂ ਤਕ ਐੱਮ ਨਾਗੇਸ਼ਵਰ ਰਾਓ ਨੂੰ ਸਿਰਫ਼ ਅੰਤਰਿਮ ਤੌਰ 'ਤੇ ਕੰਮ ਦਿੱਤਾ ਗਿਆ ਹੈ।

# ਆਪ ਪਾਰਟੀ ਦੇ 27 ਵਿਧਾਇਕਾਂ ਦੀ ਮੈਂਬਰੀ ਰੱਦ ਕਰਨ ਦੀ ਮੰਗ ਰਾਸ਼ਟਰਪਤੀ ਵੱਲੋਂ ਰੱਦ



ਨਵੀਂ ਦਿੱਲੀ, 25 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੂੰ ਅੱਜ ਓਦੋਂ ਵੱਡੀ ਰਾਹਤ ਮਿਲ ਗਈ, ਜਦੋਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਲਾਭ ਦੇ ਅਹੁਦੇ ਦੇ ਕੇਸ ਵਿੱਚ ਇਸ ਪਾਰਟੀ ਦੇ 27 ਵਿਧਾਇਕਾਂ ਨੂੰ ਦੋਸ਼ ਮੁਕਤ ਕਰ ਦਿੱਤਾ। ਦਿੱਲੀ ਦੀ ਰੋਗੀ ਕਲਿਆਣ ਸਮਿਤੀ ਦੇ ਚੇਅਰਪਰਸਨ ਨਿਯੁਕਤ ਹੋਣ ਕਰਕੇ ਵਿਧਾਇਕਾਂ ਨੂੰ ਲਾਭ ਦੇ ਅਹੁਦੇ ਉਤੇ ਤਾਇਨਾਤੀ ਦਾ ਦੋਸ਼ੀ ਦੱਸ ਕੇ ਉਨ੍ਹਾਂ ਨੂੰ ਅਯੋਗ ਕਰਾਰ ਦੇਣ ਲਈ ਅਰਜ਼ੀ ਦਾਖ਼ਲ ਕੀਤੀ ਗਈ ਸੀ।

ਚੋਣ ਕਮਿਸ਼ਨ ਵੱਲੋਂ ਦਿੱਤੀ ਰਾਏ ਤੋਂ ਬਾਅਦ ਰਾਸ਼ਟਰਪਤੀ ਨੇ 15 ਅਕਤੂਬਰ ਨੂੰ ਅਰਜ਼ੀ ਰੱਦ ਕਰਨ ਵਾਲੇ ਹੁਕਮ ਉੱਤੇ ਦਸਤਖ਼ਤ ਕੀਤੇ। ਇਸ ਤਰ੍ਹਾਂ ਰੋਗੀ ਕਲਿਆਣ ਸਮਿਤੀ ਦੇ ਕੇਸ ਵਿੱਚ ਇਨ੍ਹਾਂ 27 ਵਿਧਾਇਕਾਂ ਦੀ ਮੈਂਬਰੀ ਰੱਦ ਕਰ ਦੇਣ ਦੀ ਕਾਰਵਾਈ ਖਤਮ ਹੋ ਗਈ ਹੈ। ਵਿਭੋਰ ਆਨੰਦ ਨਾਂ ਦੇ ਵਿਅਕਤੀ ਨੇ ਰੋਗੀ ਕਲਿਆਣ ਸਮਿਤੀ ਨਾਲ ਜੋੜ ਕੇ 27 ਵਿਧਾਇਕਾਂ ਵੱਲੋਂ ਸਹੂਲਤਾਂ ਲੈਣ ਦੇ ਮੁੱਦੇ ਉੱਤੇ ਇਹ ਪਟੀਸ਼ਨ ਚੋਣ ਕਮਿਸ਼ਨ ਨੂੰ ਪਾਈ ਅਤੇ ਦੋਸ਼ ਲਾਇਆ ਸੀ ਕਿ ਆਮ ਆਦਮੀ ਪਾਰਟੀ ਦੇ 27 ਵਿਧਾਇਕ ਰੋਗੀ ਕਲਿਆਣ ਸਮਿਤੀ ਦੇ ਮੁਖੀ ਲਾਏ ਗਏ ਹਨ ਤੇ ਇਹ ਲਾਭ ਦੇ ਅਹੁਦੇ ਦਾ ਕੇਸ ਹੈ। ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿੱਚ ਕਾਰਜਸ਼ੀਲ ਇਹ ਸਮਿਤੀ ਇੱਕ ਸਵੈ-ਸੇਵੀ ਸੰਸਥਾ ਵਾਂਗ ਕੰਮ ਕਰਦੀ ਹੈ ਤੇ ਵਿਧਾਇਕਾਂ ਨੂੰ ਹਸਪਤਾਲਾਂ ਦਾ ਕੰਮ ਸੁਚਾਰੂ ਰੂਪ ਵਿੱਚ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਹ ਰੋਗੀ ਕਲਿਆਣ ਸਮਿਤੀਆਂ ਸਲਾਹ ਦੇਣ ਵਾਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਗ੍ਰਾਂਟ ਦੇ ਲਈ ਸਿਰਫ ਤਿੰਨ ਲੱਖ ਰੁਪਏ ਸਾਲਾਨਾ ਮਿਲਦੇ ਹਨ ਅਤੇ ਹੋਰ ਕੋਈ ਫੰਡ ਨਹੀਂ ਦਿੱਤੇ ਜਾਂਦੇ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਅਰਜ਼ੀ ਨੂੰ ਰੱਦ ਕਰ ਦੇਣ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ। ਪਾਰਟੀ ਦੇ ਬੁਲਾਰੇ ਦਿਲੀਪ ਪਾਂਡੇ ਨੇ ਕਿਹਾ ਕਿ ਭਾਜਪਾ ਦੀਆਂ ਕੇਜਰੀਵਾਲ ਸਰਕਾਰ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਈਆਂ ਹਨ।

ਇਸ ਦੇ ਬਾਅਦ ਵੀ ਪਾਰਲੀਮੈਂਟਰੀ ਸਕੱਤਰ ਬਣਾਏ ਗਏ ਇਸ ਪਾਰਟੀ ਦੇ 20 ਵਿਧਾਇਕ ਅਜੇ ਲਾਭ ਦੇ ਦੋਹਰੇ ਅਹੁਦੇ ਦੀ ਕਾਰਵਾਈ ਵਿੱਚ ਫਸੇ ਹੋਏ ਹਨ ਅਤੇ ਇਹ ਮਾਮਲਾ ਚੋਣ ਕਮਿਸ਼ਨ ਕੋਲ ਸੁਣਵਾਈ ਅਧੀਨ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਵਿਧਾਇਕਾਂ ਨੂੰ 19 ਜਨਵਰੀ ਨੂੰ ਅਯੋਗ ਠਹਿਰਾਉਣ ਦੀ ਸਿਫਾਰਸ਼ ਕੀਤੀ ਸੀ। ਰਾਸ਼ਟਰਪਤੀ ਨੇ ਚੋਣ ਕਮਿਸ਼ਨ ਦੀ ਰਾਏ ਨੂੰ ਅਗਲੇ ਦਿਨ ਹੀ ਮਨਜ਼ੂਰ ਕਰ ਲਿਆ ਸੀ, ਪਰ ਚੋਣ ਕਮਿਸ਼ਨ ਦੇ ਫ਼ੈਸਲੇ ਨੂੰ ਦਿੱਲੀ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ। ਇਸ ਦੇ ਬਾਅਦ ਇਸ ਮਾਮਲੇ 'ਤੇ ਨਵੇਂ ਸਿਰੇ ਤੋਂ ਚੋਣ ਕਮਿਸ਼ਨ 'ਚ ਸੁਣਵਾਈ ਕੀਤੀ ਜਾ ਰਹੀ ਹੈ।

# ਮਲੇਸ਼ੀਆ ਵਿੱਚ ਪਿੰਡ ਚੋਮੋਂ ਦੇ 24 ਸਾਲਾ ਗੁਰਵਿੰਦਰ ਦੀ ਮੌਤ



ਜਲੰਧਰ, 25 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਪਿੰਡ ਚੋਮੋਂ ਦੇ ਰਹਿਣ ਵਾਲੇ ਪੰਜਾਬੀ ਨੌਜਵਾਨ ਗੁਰਵਿੰਦਰ ਸਿੰਘ ਦੀ ਲਾਸ਼ ਸ਼ੱਕੀ ਹਾਲਤ ਵਿੱਚ ਮਲੇਸ਼ੀਆ ਦੇ ਕੁਆਲਾਲੰਪੁਰ ਤੋਂ ਮਲੇਸ਼ੀਆ ਪੁਲਸ ਨੂੰ ਮਿਲੀ ਹੈ। 24 ਸਾਲਾ ਗੁਰਵਿੰਦਰ ਪਿਛਲੇ ਚਾਰ ਸਾਲ ਤੋਂ ਮਲੇਸ਼ੀਆ ਵਿੱਚ ਰਹਿ ਰਿਹਾ ਸੀ। 13 ਅਕਤੂਬਰ ਨੂੰ ਮਲੇਸ਼ੀਆ ਵਿੱਚ ਗੁਰਵਿੰਦਰ ਦੇ ਲਾਪਤਾ ਹੋਣ ਦੀ ਸ਼ਿਕਾਇਤ ਉਸ ਦੀ ਕੰਪਨੀ ਨੇ ਪੁਲਸ ਕੋਲ ਦਰਜ ਕਰਵਾਈ ਸੀ। ਉਸ ਦੀ ਮੌਤ ਕਿਵੇਂ ਹੋਈ, ਇਸ ਦਾ ਪਤਾ ਨਹੀਂ ਲੱਗ ਸਕਿਆ। ਗੁਰਵਿੰਦਰ ਦੇ ਘਰ ਦਿਆਂ ਨੇ ਦੱਸਿਆ ਕਿ ਉਹ ਕੰਮ ਦੇ ਸਿਲਸਿਲੇ ਵਿੱਚ ਸਾਲ 2014 ਵਿੱਚ ਮਲੇਸ਼ੀਆ ਗਿਆ ਸੀ। 13 ਅਕਤੂਬਰ ਦੇ ਬਾਅਦ ਉਸ ਨਾਲ ਉਸ ਦੇ ਦੋਸਤਾਂ ਅਤੇ ਘਰਦਿਆਂ ਦਾ ਕੋਈ ਸੰਪਰਕ ਨਹੀਂ ਹੋ ਸਕਿਆ। ਘਰਦਿਆਂ ਨੇ ਉਸ ਦੇ ਦੋਸਤ ਦੇ ਜ਼ਰੀਏ ਕੰਪਨੀ ਨਾਲ ਸੰਪਰਕ ਕੀਤਾ ਤਾਂ ਕੰਪਨੀ ਪ੍ਰਬੰਧਨ ਨੇ ਗੁਰਵਿੰਦਰ ਦੇ ਮਲੇਸ਼ੀਆ ਵਿੱਚ ਲਾਪਤਾ ਹੋਣ ਦੀ ਸ਼ਿਕਾਇਤ ਪੁਲਸ ਦੇ ਕੋਲ ਦਰਜ ਕਰਾਈ। ਘਰਦਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੱਲ੍ਹ ਹੀ ਸੂਚਨਾ ਮਿਲੀ ਹੈ ਕਿ ਪੁਲਸ ਨੂੰ ਕੁਆਲਾਲੰਪੁਰ ਵਿੱਚ ਗੁਰਵਿੰਦਰ ਸਿੰਘ ਦੀ ਲਾਸ਼ ਮਿਲੀ ਹੈ। ਸਥਾਨਕ ਪੁਲਸ ਅਧਿਕਾਰੀਆਂ ਨੇ ਦੱਸਿਆ ਹੈ ਕਿ ਗੁਰਵਿੰਦਰ ਦੀ ਲਾਸ਼ ਮਲੇਸ਼ੀਆ ਤੋਂ ਪੰਜਾਬ ਲਿਆਉਣ ਦੇ ਲਈ ਉਥੋਂ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਵਿੱਚ ਲੱਗੀ ਹੋਈ ਹੈ।

# ਕਾਂਗਰਸ ਤਿੰਨ ਰਾਜਾਂ ਦੀਆਂ ਚੋਣਾਂ ਵਿੱਚ ਸੀਨੀਅਰ ਨੇਤਾਵਾਂ ਨੂੰ ਚੋਣ ਲੜਾਉਣ ਤੋਂ ਗੁਰੇਜ਼ ਕਰੇਗੀ

ਜਲੰਧਰ, 25 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰੀ ਤਿੰਨ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਅਗਲੇ ਮਹੀਨੇ ਹੋ ਰਹੀਆਂ ਚੋਣਾਂ ਵਿੱਚ ਸੀਨੀਅਰ ਆਗੂਆਂ ਨੂੰ ਖੜੇ ਕਰਨ ਤੋਂ ਗੁਰੇਜ਼ ਕਰ ਸਕਦੀ ਹੈ। ਉਂਜ ਅਜੇ ਕਾਂਗਰਸ ਦੀ ਲੀਡਰਸ਼ਿਪ ਨੇ ਇਸ ਬਾਰੇ ਆਖਰੀ ਫੈਸਲਾ ਨਹੀਂ ਲਿਆ, ਪਰ ਕਾਂਗਰਸ ਵਿੱਚ ਚਰਚਾ ਹੈ ਕਿ ਪਾਰਟੀ ਲੀਡਰਸ਼ਿਪ ਇਨ੍ਹਾਂ ਚੋਣਾਂ ਵਿੱਚ ਮੁੱਖ ਮੰਤਰੀ ਅਹੁਦੇ ਦਾ ਮੁੱਦਾ ਖੁੱਲ੍ਹਾ ਛੱਡ ਸਕਦੀ ਹੈ ਅਤੇ ਸੀਨੀਅਰ ਨੇਤਾਵਾਂ ਨੂੰ ਚੋਣਾਂ ਲੜਾਉਣ ਦੀ ਬਜਾਏ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਮੁਹਿੰਮ ਚਲਾਉਣ ਲਈ ਕਿਹਾ ਜਾ ਸਕਦਾ ਹੈ।

ਇਸ ਸੰਬੰਧ ਵਿੱਚ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸੀਨੀਅਰ ਆਗੂਆਂ ਨੂੰ ਚੋਣਾਂ ਵਿੱਚ ਖੜ੍ਹਾ ਨਾ ਕਰਨ ਦਾ ਫੈਸਲਾ ਜਲਦੀ ਹੀ ਲਏ ਜਾਣ ਦੀ ਆਸ ਹੈ। ਮੱਧ ਪ੍ਰਦੇਸ਼ ਵਿੱਚ ਸੂਬਾ ਕਾਂਗਰਸ ਦੇ ਪ੍ਰਧਾਨ ਕਮਲਨਾਥ ਹਨ, ਚੋਣ ਮੁਹਿੰਮ ਦੀ ਅਗਵਾਈ ਪਾਰਲੀਮੈਂਟ ਮੈਂਬਰ ਜਿਓਤਰਾਦਿਤਿਆ ਸਿੰਧੀਆ ਦੀ ਅਗਵਾਈ ਹੇਠ ਚੱਲ ਰਹੀ ਹੈ। ਰਾਜਸਥਾਨ 'ਚ ਸੂਬਾ ਪ੍ਰਧਾਨ ਸਚਿਨ ਪਾਇਲਟ ਹਨ ਅਤੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਸੀ ਪੀ ਜੋਸ਼ੀ ਪਾਰਟੀ ਲਈ ਚੋਣ ਪ੍ਰਚਾਰ ਦਾ ਕੰਮ ਕਰ ਰਹੇ ਹਨ। ਪਾਰਟੀ ਦੇ ਕਈ ਆਗੂਆ ਦੀ ਰਾਏ ਹੈ ਕਿ ਜੇ ਸੀਨੀਅਰ ਨੇਤਾਵਾਂ ਨੂੰ ਚੋਣਾਂ ਲੜਾਈਆਂ ਤਾਂ ਉਸ ਹਾਲਾਤ ਵਿੱਚ ਉਹ ਆਪਣੇ ਵਿਧਾਨ ਸਭਾ ਹਲਕਿਆਂ ਤੱਕ ਸੀਮਿਤ ਹੋ ਜਾਣਗੇ ਤੇ ਹੋਰਨਾਂ ਖੇਤਰਾਂ ਵਿੱਚ ਪ੍ਰਚਾਰ ਲਈ ਨਹੀਂ ਜਾ ਸਕਣਗੇ। ਰਾਜਸਥਾਨ ਅਤੇ ਮੱਧ ਪ੍ਰਦੇਸ਼ 'ਚ 200 ਜਾਂ ਇਸ ਤੋਂ ਵੱਧ ਸੀਟਾਂ ਹਨ। ਕਾਂਗਰਸ ਦੀ ਲੀਡਰਸ਼ਿਪ ਇਸ ਸਮੇਂ ਇਹ ਚਾਹੁੰਦੀ ਹੈ ਕਿ ਇਨ੍ਹਾਂ ਰਾਜਾਂ 'ਚ ਕਾਂਗਰਸ ਸਰਕਾਰਾਂ ਬਣਾਈਆਂ ਜਾਣ। ਮੁੱਖ ਮੰਤਰੀ ਦੇ ਅਹੁਦੇ ਦਾ ਮੁੱਦਾ ਕਾਂਗਰਸ ਦੀ ਲੀਡਰਸ਼ਿਪ ਇਸ ਵੇਲੇ ਨਹੀਂ ਉਠਾਉਣਾ ਚਾਹੁੰਦੀ। ਰਾਜਸਥਾਨ 'ਚ ਪਿਛਲੀ ਵਾਰ ਕਾਂਗਰਸ ਸਰਕਾਰ ਬਣਨ ਵੇਲੇ ਵੀ ਕਿਸੇ ਆਗੂ ਨੂੰ ਅੱਗੇ ਨਹੀਂ ਸੀ ਕੀਤਾ ਗਿਆ ਤੇ ਫਿਰ ਅਸ਼ੋਕ ਗਹਿਲੋਤ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ।

# ਸਬਰੀਮਾਲਾ ਵਿੱਚ ਰੋਸ ਪ੍ਰਦਰਸ਼ਨ ਕਰਨ ਦੇ ਦੋਸ਼ ਹੇਠ 1400 ਲੋਕ ਗ੍ਰਿਫ਼ਤਾਰ



ਤਿਰੂਵਨੰਤਪੁਰਮ, 25 ਅਕਤੂਬਰ, (ਪੋਸਟ ਬਿਊਰੋ)- ਸਬਰੀਮਾਲਾ ਦੇ ਭਗਵਾਨ ਅੱਯਪਾ ਮੰਦਰ ਵਿੱਚ ਪੀਰੀਅਡ ਵਾਲੀ ਉਮਰ (10 ਤੋਂ 50 ਸਾਲ) ਦੀਆਂ ਔਰਤਾਂ ਦੇ ਦਾਖ਼ਲੇ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਵਾਲੇ ਲਗਭਗ 1400 ਲੋਕਾਂ ਨੂੰ ਅੱਜ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਕੇਰਲਾ ਪੁਲਿਸ ਦੇ ਮੁਖੀ ਲੋਕਨਾਥ ਵੋਹਰਾ ਨੇ ਕਿਹਾ ਕਿ ਇਹ ਗ੍ਰਿਫ਼ਤਾਰੀਆਂ ਪਿਛਲੇ ਦੋ ਦਿਨਾਂ ਵਿੱਚ ਕੀਤੀਆਂ ਗਈਆਂ ਹਨ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਪਿੱਛੋਂ ਹਿੰਸਕ ਘਟਨਾਵਾਂ ਦੇ ਸਿਲਸਿਲੇ 'ਚ 440 ਕੇਸ ਦਰਜ ਕੀਤੇ ਗਏ ਹਨ। ਰਾਜ ਦੇ ਗਵਰਨਰ ਪੀ. ਸਦਾਸ਼ਿਵਮ ਨੇ ਵੀਰਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਨਵੀਂ ਦਿਲੀ ਵਿੱਚ ਇਸ ਬਾਰੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸੂਬੇ 'ਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਅਤੇ ਅਦਾਲਤ ਦੇ ਫ਼ੈਸਲੇ ਮਗਰੋਂ ਦੇ ਘਟਨਾਕ੍ਰਮ ਤੋਂ ਜਾਣੂ ਕਰਵਾਇਆ।

ਇਸ ਦੌਰਾਨ ਪੁਲਿਸ ਨੇ ਉਨ੍ਹਾਂ 200 ਤੋਂ ਵੱਧ ਲੋਕਾਂ ਦੀਆਂ ਫੋਟੋ ਜਾਰੀ ਕੀਤੀਆ ਹਨ, ਜਿਨ੍ਹਾਂ ਉਤੇ ਪਿਛਲੇ ਹਫ਼ਤੇ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਪੁਲਿਸ ਦੇ ਸੂਤਰਾਂ ਮੁਤਾਬਕ ਬੁਧਵਾਰ ਨੂੰ ਜਿਨ੍ਹਾਂ ਲੋਕਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ, ਉਨ੍ਹਾਂ ਦੀ ਪਛਾਣ ਲਈ ਸਾਰੇ ਜ਼ਿਲ੍ਹਿਆਂ 'ਚ ਵਿਸ਼ੇਸ਼ ਟੀਮਾਂ ਬਣਾਈਆਂ ਜਾਣਗੀਆਂ। ਜ਼ਿਲ੍ਹਾ ਪੁਲਿਸ ਅਧਿਕਾਰੀ ਟੀ. ਨਾਰਾਇਣ ਨੇ ਕਿਹਾ ਕਿ ਤਸਵੀਰਾਂ ਸਮੇਤ 210 ਵਿਅਕਤੀਆਂ ਦੀ ਸੂਚੀ ਵੱਖ ਵੱਖ ਜ਼ਿਲ੍ਹਿਆਂ ਦੀ ਪੁਲਿਸ ਨੂੰ ਪਛਾਣ ਲਈ ਭੇਜੀ ਗਈ ਹੈ। ਇਸ ਦੌਰਾਨ ਮੰਦਰ ਕੰਪਲੈਕਸ ਦੀ ਸਖ਼ਤ ਸੁਰੱਖਿਆ ਦੇ ਲਈ 500 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਤੈਨਾਤੀ ਦਾ ਫ਼ੈਸਲਾ ਲਿਆ ਗਿਆ ਹੈ। ਪੁਲਿਸ ਵਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ ਪੁਲਿਸ ਦੀ ਗਿਣਤੀ ਵਧਾਈ ਜਾਵੇਗੀ ਅਤੇ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ। ਹਾਲ ਹੀ ਵਿਚ ਪ੍ਰਦਰਸ਼ਨਕਾਰੀ ਸ਼ਰਧਾਲੂਆਂ ਨੇ 10 ਤੋਂ 50 ਸਾਲ ਦੀ ਉਮਰ ਦੀਆਂ ਕਰੀਬ ਇਕ ਦਰਜਨ ਔਰਤਾਂ ਦੇ ਮੰਦਰ 'ਚ ਦਾਖ਼ਲੇ ਨੂੰ ਰੋਕਿਆ ਸੀ, ਜਦ ਕਿ ਸੁਪਰੀਮ ਕੋਰਟ ਦੇ ਸਾਰੀਆਂ ਮਹਿਲਾਵਾਂ ਦੇ ਦਾਖ਼ਲੇ ਦੀ ਇਜਾਜ਼ਤ ਦੇਣ ਦੇ ਹੁਕਮ ਮੁਤਾਬਕ ਮੰਦਰ ਦੇ ਗੇਟ ਖੋਲ੍ਹੇ ਗਏ ਸਨ।

# ਜਾਅਲੀ ਦਸਤਾਵੇਜ਼ਾਂ ਨਾਲ ਤਬਾਦਲੇ ਕਰਨ ਵਾਲਾ ਪ੍ਰਿੰਸੀਪਲ ਕਾਬੂ

ਸੰਗਰੂਰ, 25 ਅਕਤੂਬਰ (ਪੋਸਟ ਬਿਊਰੋ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਦੇ ਪ੍ਰਿੰਸੀਪਲ ਤਰਸੇਮ ਲਾਲ ਨੂੰ ਸੰਗਰੂਰ ਪੁਲਸ ਨੇ ਜਾਅਲੀ ਦਸਤਾਵੇਜ਼ਾਂ ਨਾਲ ਅਧਿਆਪਕਾਂ ਦਾ ਤਬਾਦਲਾ ਕਰਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਦੋਸ਼ੀ ਪ੍ਰਿੰਸੀਪਲ ਨੂੰ ਅਦਾਲਤ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਲਿਆ ਹੈ। ਸਿਖਿਆ ਵਿਭਾਗ ਨੇ ਵੀ ਤਰਸੇਮ ਲਾਲ ਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਹੈ।

ਰਵੀ ਕਾਂਤ ਵਾਸੀ ਸੰਗਰੂਰ ਨੇ ਪੁਲਸ ਨੂੰ ਇਹ ਸ਼ਿਕਾਇਤ ਕੀਤੀ ਹੈ ਕਿ ਪ੍ਰਿੰਸੀਪਲ ਤਰਸੇਮ ਲਾਲ ਵਾਸੀ ਸੰਗਰੂਰ ਅਧਿਆਪਕਾਂ ਤੋਂ ਪੈਸੇ ਲੈ ਕੇ ਜਾਅਲੀ ਦਸਤਾਵੇਜ਼ ਬਣਾ ਕੇ ਉਨ੍ਹਾਂ ਤੇ ਤਬਾਦਲਾ ਆਪਣੇ ਸਕੂਲ ਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਕਰਵਾ ਚੁੱਕਾ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਉਕਤ ਕਾਰਵਾਈ ਕੀਤੀ। ਸਹਾਇਕ ਥਾਣੇਦਾਰ ਪ੍ਰੇਮ ਸਿੰਘ ਨੇ ਦੱਸਿਆ ਕਿ ਪੜਤਾਲ ਵਿੱਚ ਪਤਾ ਲੱਗਾ ਕਿ ਤਰਸੇਮ ਲਾਲ ਨੇ ਭਵਾਨੀਗੜ੍ਹ ਸਕੂਲ ਤੋਂ ਇੱਕ ਟੀਚਰ ਨੂੰ ਸੀਨੀਅਰ ਸੈਕੰਡਰੀ ਸਕੂਲ ਬਡਬੜ ਅਤੇ ਇੱਕ ਹੋਰ ਨੂੰ ਲੁਧਿਆਣਾ ਤੋਂ ਦਾਖਾ ਵਿੱਚ ਤਬਦੀਲ ਕਰਵਾਇਆ ਹੈ। ਦੋਸ਼ੀ ਪ੍ਰਿੰਸੀਪਲ 'ਤੇ ਹਰ ਅਧਿਆਪਕ ਤੋਂ ਡੇਢ ਤੋਂ ਦੋ ਲੱਖ ਰੁਪਏ ਵਸੂਲਣ ਦਾ ਦੋਸ਼ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION



Body Centre
Specializing in:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.



Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878. www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.



135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500



85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900



255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000



1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800



Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋਂ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999



Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775



Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000



60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000



Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000



Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $849,000



Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999



Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਬੇਅ ਆਫ ਪਲੈਂਟੀ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ 'ਪੰਜਾਬੀ ਕਲਚਰਲ ਨਾਈਟ' ਦਾ ਆਯੋਜਨ



## 'ਮੇਲਣਾ ਦਾ ਗਿੱਧਾ' ਅਤੇ 'ਲਲਕਾਰੇ ਭੰਗੜੇ ਦੇ' ਨੇ ਦਰਸ਼ਕ ਕੀਲੇ

ਆਕਲੈਂਡ, 25 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)- ਪਿਛਲੇ ਸ਼ਨੀਵਾਰ ਬੇਅ ਆਫ ਪਲੈਂਟ ਸਪੋਰਟਸ ਐਂਡ ਕਲਚਰਲ ਕਲੱਬ ਟੌਰੰਗਾ ਵੱਲੋਂ ਪਹਿਲੀ ਵਾਰ ਖੇਡ ਮੇਲਿਆਂ ਤੋਂ ਬਾਅਦ 'ਪੰਜਾਬੀ ਕਲਚਰਲ ਨਾਈਟ' ਦਾ ਆਯੋਜਿਨ ਕੀਤਾ ਗਿਆ। ਪੂਰੀ ਤਰ੍ਹਾਂ ਪਰਿਵਾਰਕ ਮਾਹੌਲ ਦੇ ਵਿਚ ਹੋਏ ਇਸ ਸਭਿਆਚਾਰਕ ਸਮਾਗਮ (ਸੋਲਡ ਆਊਟ) ਨੇ ਸਾਰੇ ਪ੍ਰਬੰਧਕਾਂ ਨੂੰ ਇਕ ਤਰ੍ਹਾਂ ਨਾਲ ਭਵਿੱਖ ਦੇ ਲਈ ਸਦਾ ਲਈ ਤਿਆਰ ਕਰ ਲਿਆ। ਬੇਅਕੋਰਟ ਕਮਿਊਨਿਟੀ ਐਂਡ ਆਰਟ ਸੈਂਟਰ, 38 ਡੂਰਹਮ ਸਟ੍ਰੀਟ ਟੌਰੰਗਾ ਵਿਖੇ ਸ਼ਾਮ 7 ਵਜੇ ਤੋਂ ਇਹ ਪ੍ਰੋਗਰਾਮ ਸ਼ੁਰੂ ਹੋਇਆ ਅਤੇ 10 ਵਜੇ ਤੱਕ ਚੱਲਿਆ। ਸਟੇਜ ਸੰਚਾਲਨ ਚਰਨਜੀਤ ਸਿੰਘ ਦੂਲਾ, ਬਲਜੀਤ ਸਿੰਘ ਧਾਲੀਵਾਲ, ਮਨਪ੍ਰੀਤ ਕੌਰ, ਗੁਰਲੀਨ ਕੌਰ ਗਿੱਲ ਅਤੇ ਕੰਵਰ ਕੌਰ ਚਾਹਲ ਨੇ ਕੀਤਾ। ਪੂਰਾ ਹਾਲ 6.30 ਵਜੇ ਤੱਕ ਹੀ ਭਰ ਗਿਆ ਸੀ। ਸ਼ੋਅ ਦੀ ਸ਼ੁਰੂਆਤ ਕੰਵਰ ਗਰੇਵਾਲ ਦੇ ਗੀਤ ਜਿੰਦਾਬਾਦ ਜ਼ਿੰਦਗੀ ਤੋਂ ਕੀਤੀ ਗਈ ਜੋ ਕਿ ਰਣਜੀਤ ਸਿੰਘ ਅਤੇ ਉਸਦੇ ਸਾਥੀਆਂ ਨੇ ਬਹੁਤ ਵਧੀਆ ਪੇਸ਼ਕਾਰੀ ਕੀਤੀ। ਲਗਪਗ 20 ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ 18 ਤਾਂ ਬੱਚਿਆਂ ਨੇ ਹੀ ਪੇਸ਼ ਕੀਤੀਆਂ। ਨਾਗਨੀ, ਪੰਜਾਬੀ ਮੁਟਿਆਰਾਂ ਅਤੇ ਛੋਟੇ ਬੱਚਿਆਂ ਨੇ ਸਾਰੇ ਦੀ ਦਰਸ਼ਕਾਂ ਦਾ ਮਨ ਮੋਹ ਲਿਆ। ਛੋਟੀਆਂ ਕੁੜੀਆਂ ਨੇ ਗਿੱਧਾ ਭੰਗੜਾ, ਰਣਦੀਪ ਕੌਰ ਨੇ ਸੂਫੀ ਗੀਤ, ਕੁਲਦੀਪ ਸਿੰਘ ਵੱਲੋਂ ਤਿਆਰ ਦੋ ਭੰਗੜਾ ਟੀਮਾਂ ਤੇ ਬੀਬੀਆਂ ਦਾ ਗਿੱਧਾ ਵੇਖਣ ਵਾਲਾ ਸੀ।

ਬੇਅ ਆਫ ਪਲੈਂਟੀ ਸਪੋਰਟਸ ਕਲੱਬ ਵੱਲੋਂ ਵੱਖ-ਵੱਖ ਖੇਤਰਾਂ ਵਿਚ ਨਾਂਅ ਕਮਾਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਜਿਸ ਵਿਚ ਜਸਕਰਨ ਸਿੰਘ ਨੂੰ ਫੁੱਟਬਾਲ ਲਈ, ਗੁਰਵਿੰਦਰ ਸਿੰਘ ਨੂੰ ਕ੍ਰਿਕਟ ਲਈ, ਪ੍ਰਭਜੋਤ ਸਿੰਘ ਚਾਹਲ ਨੂੰ ਅਤੇ ਗੁਰਲੀਨ ਕੌਰ ਗਿੱਲ ਨੂੰ ਹਾਕੀ ਲਈ ਸ਼ਾਮਿਲ ਕੀਤਾ ਗਿਆ ਸੀ।

# ਨਿਊਜ਼ੀਲੈਂਡ 'ਚ ਕੰਵਰ ਗਰੇਵਾਲ-ਆਰਿਫ ਲੋਹਾਰ ਦੇ 'ਫੋਕ ਅਤੇ ਸੂਫੀ' ਸ਼ੋਅ ਨੇ ਮੋਹੇ ਦਰਸ਼ਕ

## ਆਰਿਫ ਲੋਹਾਰ ਦੇ ਬੈਂਡ ਨੇ ਲੁੱਟਿਆ ਮੇਲਾ ਉਸਦੇ ਘੁੰਮਦੇ ਢੋਲੀ ਨੇ ਨਚਾਏ ਦਰਸ਼ਕ









ਆਕਲੈਂਡ, 25 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਜੇ. ਕੇ. ਸਟਾਰ ਪ੍ਰੋਡਕਸ਼ਨ ਅਤੇ ਐਨ. ਜ਼ੈਡ. ਫਿਊਚਰ ਕਮਿਊਨਿਟੀ ਟ੍ਰਸਟ ਵੱਲੋਂ ਬੀਤੇ ਸ਼ਨੀਵਾਰ ਨੂੰ ਵੋਡਾਫੋਨ ਈਵੈਂਟ ਸੈਂਟਰ ਵਿਖੇ ਕੰਵਰ ਗਰੇਵਾਲ ਅਤੇ ਪਾਕਿਸਤਾਨੀ ਗਾਇਕ ਆਰਿਫ ਲੋਹਾਰ ਦਾ 'ਫੋਕ ਅਤੇ ਸੂਫੀ' ਸ਼ੋਅ ਕਰਵਾਇਆ ਗਿਆ। ਇਹ ਸ਼ੋਅ ਬਹੁਤ ਹੀ ਜਬਰਦਸਤ ਰਿਹਾ ਅਤੇ ਸ਼ੋਅ ਦੀਆਂ ਸਾਰੀਆਂ ਟਿਕਟਾਂ ਇਕ ਦਿਨ ਪਹਿਲਾਂ ਹੀ ਵਿਕ ਗਈਆਂ ਅਤੇ ਸ਼ੋਸ਼ਲ ਮੀਡੀਆ ਉਤੇ 'ਸੋਲਡ ਆਊਟ' ਦਾ ਨੋਟਿਸ ਜਾਰੀ ਕਰਨਾ ਪਿਆ। ਇਸ ਸ਼ੋਅ ਨੂੰ ਇਤਿਹਾਸਕ ਸ਼ੋਅ ਦਾ ਨਾਂਅ ਦਿੱਤਾ ਗਿਆ ਹੈ ਕਿਉਂਕਿ ਦੋ ਵੱਡੇ ਸੂਫੀ ਗਾਇਕ ਜੋ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਤੋਂ ਸਨ, ਇਕਠੇ ਹੀ ਇਕ ਸਟੇਜ ਉਤੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸ਼ਾਨਦਾਰ ਪ੍ਰਦਰਸ਼ਨ ਕਰ ਗਏ। ਇਹ ਸ਼ੋਅ ਲਗਪਗ 4 ਘੰਟੇ ਲਗਾਤਾਰ ਚੱਲਿਆ, ਕੋਈ ਵੀ ਦਰਸ਼ਕ ਸ਼ੋਅ ਖਤਮ ਹੋਣ ਤੋਂ ਪਹਿਲਾਂ ਨਹੀਂ ਗਿਆ। ਕਲਾਕਾਰ ਵੀ ਐਨੇ ਪਿਆਰ ਵਿਚ ਆ ਗਏ ਕਿ ਉਹ ਵੀ ਦਰਸ਼ਕਾਂ ਦੇ ਵਿਚ ਆ ਕੇ ਪਰਫਾਰਮ ਕਰਦੇ ਰਹੇ। ਦੋਹਾਂ ਕਲਾਕਾਰਾਂ ਨੇ ਆਪਣੇ ਨਵੇਂ ਪੁਰਾਣੇ ਗੀਤ ਗਾ ਕੇ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਇਨ੍ਹਾਂ ਕਲਾਕਰਾਂ ਨੂੰ ਸਟੇਜ ਉਤੇ ਸਨਮਾਨਿਤ ਕੀਤਾ ਗਿਆ। ਆਰਿਫ ਲੋਹਾਰ ਦੇ ਮਿਊਜ਼ਕ ਬੈਂਡ ਨੇ ਇਕ ਤਰ੍ਹਾਂ ਨਾਲ ਮੇਲਾ ਲੁੱਟ ਲਿਆ ਅਤੇ ਢੋਲੀ ਨੇ ਘੁੰਮ-ਘੁੰਮ ਸਾਰੇ ਘੁੰਮਣ ਲਾ ਦਿੱਤੇ। ਇਹ ਸ਼ੋਅ ਬਹੁਤ ਸਾਰੇ ਦਰਸ਼ਕਾਂ ਲਈ ਯਾਦਗਾਰੀ ਸ਼ੋਅ ਹੋ ਨਿਬੜਿਆ।

ਜੇ.ਕੇ. ਸਟਾਰ ਪ੍ਰੋਡਕਸ਼ਨ ਤੋਂ ਕਰਮ ਹੁੰਦਲ ਹੋਰਾਂ ਇਸ ਸ਼ੋਅ ਨੂੰ ਸਫਲ ਕਰਨ ਲਈ ਸਾਰੇ ਸਪਾਂਸਰਜ਼, ਪ੍ਰਬੰਧਕੀ ਟੀਮ ਅਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਅਤੇ ਉਨ੍ਹਾਂ ਵਾਅਦਾ ਕੀਤਾ ਹੈ ਕਿ ਭਵਿੱਖ ਦੇ ਵਿਚ ਵੀ ਉਹ ਅਜਿਹੇ ਹੀ ਫਨਕਾਰਾਂ ਨੂੰ ਨਿਊਜ਼ੀਲੈਂਡ ਵਸਦੇ ਭਾਰਤੀ ਭਾਈਚਾਰੇ ਲਈ ਲਿਆਉਂਦੇ ਰਹਿਣਗੇ।

# ਪ੍ਰਿੰਸ ਹੈਰੀ ਅਤੇ ਉਸਦੀ ਪਤਨੀ ਮੇਗ੍ਹਨ ਮਾਰਕਲ 28 ਨੂੰ ਪਹੁੰਚਣਗੇ ਨਿਊਜ਼ੀਲੈਂਡ-ਹੋਵੇਗਾ ਵੱਡਾ ਸਵਾਗਤ



ਆਕਲੈਂਡ, 25 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਇੰਗਲੈਂਡ ਦੀ ਮਹਾਰਾਣੀ ਅਲਿਜਾਬੇਥ-2 ਜਿਸ ਦੀ ਤਸਵੀਰ ਡਾਲਰਾਂ ਉਤੇ ਛਪਦੀ ਹੈ ਅਤੇ ਸਾਰੇ ਕਾਨੂੰਨ ਉਸਦੀ ਇਜ਼ਾਜਤ ਨਾਲ ਹੁੰਦੇ ਹਨ, ਦਾ ਪੋਤਰਾ ਪ੍ਰਿਸ ਹੈਰੀ ਅਤੇ ਉਸਦੀ ਪਤਨੀ ਮੇਗ੍ਹਨ ਮਾਰਕਲ 28 ਅਕਤੂਬਰ ਨੂੰ ਵਲਿੰਗਟਨ ਵਿਖੇ ਪਹੁੰਚਣਗੇ ਜਿੱਥੇ ਰਾਜ ਪੱਧਰ 'ਤੇ ਉਨ੍ਹਾਂ ਦਾ ਸਵਾਗਤ ਹੋਵੇਗਾ। ਉਹ ਆਪਣੇ ਚਾਰ ਦਿਨਾਂ ਦੌਰੇ ਦੌਰਾਨ ਏਬਲ ਟੈਸਮਨ ਨੈਸ਼ਨਲ ਪਾਰਕ ਅਤੇ ਰੋਟੋਆ ਵਿਖੇ ਵੀ ਜਾਣਗੇ। ਉਹ ਆਸਟਰੇਲੀਆ ਤੋਂ ਬਾਅਦ ਫੀਜ਼ੀ ਅਤੇ ਹੁਣ ਟੌਂਗਾ ਗਏ ਹੋਏ ਹਨ। 1 ਨਵੰਬਰ ਨੂੰ ਉਨ੍ਹਾਂ ਦੀ ਵਾਪਸੀ ਹੈ ਪਰ ਜਾਣ ਤੋਂ ਪਹਿਲਾਂ ਉਹ ਆਕਲੈਂਡ ਵੀ ਆਉਣਗੇ। ਉਨ੍ਹਾਂ ਦਾ ਇਹ ਟਰਿੱਪ ਯੂਥ ਲੀਡਰਸ਼ਿੱਪ, ਵਾਤਾਵਰਣ ਅਤੇ ਪ੍ਰਾਕਿਰਤਕ ਸੁਰੱਖਿਆ ਨੂੰ ਹੁਲਾਰਾ ਦੇਵੇਗਾ। ਪ੍ਰਧਾਨ ਮੰਤਰੀ, ਗਵਰਨਰ ਜਨਰਲ ਅਤੇ ਹੋਰ ਰਾਜਸੀ ਪਾਰਟੀ ਨੇਤਾਵਾਂ ਤੋਂ ਇਲਾਵਾ ਇਹ ਸ਼ਾਹੀ ਜੋੜਾ ਆਮ ਲੋਕਾਂ ਨੂੰ ਮਿਲ ਸਕਦਾ ਹੈ। ਫੀਜ਼ੀ ਵਿਖੇ ਆਮ ਲੋਕਾਂ ਨੂੰ ਮਿਲਣ ਵੇਲੇ ਕੁਝ ਸੁਰੱਖਿਆ ਖਤਰਾ ਵੀ ਪੈਦਾ ਹੋ ਗਿਆ ਸੀ, ਜਿਸ ਕਰਕੇ ਹੋ ਸਕਦਾ ਹੈ ਉਹ ਇਥੇ ਆਮ ਲੋਕਾਂ ਵਿਚ ਨਾ ਜਾਣ।


# ਸੰਤ ਬਾਬਾ ਰਾਮ ਸਿੰਘ ਜੀ ਦੀ ਸਲਾਨਾ ਬਰਸੀ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਲੱਲਕਲਾਂ ਅਤੇ ਸਮਰਾਲਾ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਰਾਮ ਸਿੰਘ ਜੀ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ 1 ਨਵੰਬਰ 2018 ਦਿਨ ਵੀਰਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10:30 ਵਜੇ ਆਰੰਭ ਕੀਤੇ ਜਾ ਰਹੇ ਹਨ ਅਤੇ 3 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਭੋਗ ਪਾਏ ਜਾਣਗੇ । ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਿਵਾਰਾਂ ਸਮੇਤ ਗੁਰਦਵਾਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

ਵਧੇਰੇ ਜਾਣਕਾਰੀ ਲਈ ਕਾਲ ਕਰੋ:
ਕਰਮ ਸਿੰਘ ਪੂਨੀਆ : 416-262-2600
ਜੀਤ ਸਿੰਘ : 647-655-1543
ਅਮਰਪਾਲ ਸਿੰਘ ਮਾਂਗਟ: 416-219-2628



# ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ

(PART TIME/FULL TIME)

ਚੰਗੀ ਜੋਬ ਤੇ ਵਧੀਆ ਤਨਖਾਹ

Job Description:
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

Requirements:
- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

Please Email your resume at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).



# Jobs Jobs Jobs

General Labour/ Unloader/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

# ਸਿਰ ਕੱਟੀ ਲਾਸ਼ ਦੇ ਕਈ ਵਾਰਸ ਬਣੇ, ਪਰ ਡੀ ਐੱਨ ਏ ਕਰਨ ਦੇ ਨਾਂਅ ਉੱਤੇ ਭੱਜ ਗਏ

ਅੰਮ੍ਰਿਤਸਰ, 25 ਅਕਤੂਬਰ (ਪੋਸਟ ਬਿਊਰੋ)- ਜੌੜਾ ਫਾਟਕ ਨੇੜੇ ਰੇਲ ਹਾਦਸੇ ਦੇ ਬਾਅਦ ਮਿਲੀ ਇੱਕ ਸਿਰ ਕੱਟੀ ਲਾਸ਼ ਬਾਰੇ ਕੱਲ੍ਹ ਪੁਲਸ ਦੇ ਸਾਹਮਣੇ ਉਸ ਸਮੇਂ ਦੁਚਿੱਤੀ ਵਾਲੀ ਸਥਿਤੀ ਪੈਦਾ ਹੋ ਗਈ, ਜਦ ਤਿੰਨ ਪਰਵਾਰਾਂ ਨੇ ਇਸ ਲਾਸ਼ 'ਤੇ ਆਪਣਾ ਦਾਅਵਾ ਠੋਕ ਦਿੱਤਾ। ਇਸ ਸਥਿਤੀ ਨਾਲ ਨਿਪਟਣ ਲਈ ਪੁਲਸ ਨੇ ਜਦ ਡੀ ਐੱਨ ਏ ਟੈਸਟ ਕਰਵਾਉਣ ਦੀ ਗੱਲ ਕਹੀ ਤਾਂ ਸਾਰਿਆਂ ਨੇ ਡੀ ਐੱਨ ਏ ਟੈਸਟ ਕਰਵਾਉਣ ਤੋਂ ਹੱਥ ਖੜ੍ਹੇ ਕਰ ਦਿੱਤੇ।



ਅਸਲ ਵਿੱਚ ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਬਿਨਾ ਸਿਰ ਦੇ ਮਿਲੀ ਸੀ। ਜੀ ਆਰ ਪੀ ਪੁਲਸ ਨੇ ਟਰੈਕ ਵਿੱਚੋਂ ਧੜ ਬਰਾਮਦ ਕਰ ਕੇ ਟਰੈਕ ਦੇ ਆਸਪਾਸ ਸਿਰ ਦੀ ਤਲਾਸ਼ ਕੀਤੀ, ਪਰ ਨਹੀਂ ਮਿਲਿਆ ਤਾਂ ਮ੍ਰਿਤਕ ਦੀ ਪੈਂਟ ਵਿੱਚੋਂ ਕੋਈ ਅਜਿਹਾ ਦਸਤਾਵੇਜ਼ ਜਾਂ ਮੋਬਾਈਲ ਵੀ ਨਹੀਂ ਮਿਲਿਆ ਜਿਸ ਤੋਂ ਉਸ ਦੀ ਪਛਾਣ ਹੋ ਸਕੇ। ਇਸ ਦੇ ਬਾਅਦ ਪੁਲਸ ਨੇ ਇਸ ਲਾਸ਼ ਨੂੰ ਸੁਰੱਖਿਅਤ ਰਖਵਾ ਦਿੱਤਾ ਸੀ। ਦੱਸਿਆ ਗਿਆ ਹੈ ਕਿ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਹੋਣ ਦੇ ਬਾਅਦ ਇਸ ਸਿਰ ਕੱਟੀ ਲਾਸ਼ 'ਤੇ ਦਾਅਵੇ ਕਰਨ ਲਈ ਤਿੰਨ ਜਣੇ ਥਾਣਾ ਜੀ ਆਰ ਪੀ ਆਏ ਸਨ। ਪਹਿਲਾ ਵਿਅਕਤੀ ਪ੍ਰੀਤਮ ਸਿੰਘ ਸੀ, ਜਿਸ ਨੇ ਕਿਹਾ ਕਿ ਇਹ ਉਸ ਦੇ ਰਿਸ਼ਤੇਦਾਰ ਦੀ ਲਾਸ਼ ਹੈ, ਕਿਉਂਕਿ ਮਾਮਲਾ ਸੰਵੇਦਨਸ਼ੀਲ ਸੀ ਅਤੇ ਪ੍ਰੀਤਮ ਸਿੰਘ ਕੋਈ ਦਸਤਾਵੇਜ਼ ਨਹੀਂ ਦਿਖਾ ਸਕਿਆ ਜਿਸ ਤੋਂ ਸਾਬਿਤ ਹੋ ਸਕੇ ਕਿ ਉਹ ਉਸ ਦਾ ਰਿਸ਼ਤੇਦਾਰ ਹੈ, ਇਸ ਲਈ ਪੁਲਸ ਨੇ ਡੀ ਐੱਨ ਏ ਟੈਸਟ ਕਰਵਾਉਣ ਦੀ ਗੱਲ ਕਹੀ ਤਾਂ ਪ੍ਰੀਤਮ ਸਿੰਘ ਉਥੋਂ ਖਿਸਕ ਗਿਆ। ਇਸ ਦੇ ਬਾਅਦ ਇੱਕ ਮਹਿਲਾ ਨੇ ਥਾਣੇ ਆ ਕੇ ਆਪਣੇ ਪਤੀ ਦੀ ਲਾਸ਼ ਹੋਣ ਦਾ ਦਾਅਵਾ ਕੀਤਾ। ਪੁਲਸ ਪੁੱਛਗਿੱਛ ਵਿੱਚ ਉਹ ਵੀ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦੇ ਸਕੀ। ਫਿਰ ਇੱਕ ਹੋਰ ਵਿਅਕਤੀ ਆਇਆ, ਜਿਸ ਨੇ ਇਸ ਨੂੰ ਆਪਣੇ ਚਚੇਰੇ ਭਰਾ ਦੀ ਲਾਸ਼ ਦੱਸਿਆ ਸੀ। ਪੁਲਸ ਅਨੁਸਾਰ ਇਸ ਧੜ ਦਾ ਵਾਰਿਸ ਕੌਣ ਹੈ, ਇਹ ਜਾਨਣ ਦੇ ਲਈ ਸਿਰ ਕੱਟੀ ਲਾਸ਼ ਨੂੰ ਸਰਕਾਰੀ ਮੈਡੀਕਲ ਕਾਲਜ ਸਥਿਤ ਫੋਰੈਂਸਿਕ ਵਿਭਾਗ ਤੋਂ ਡੀ ਐੱਨ ਏ ਸੈਂਪਲ ਲੈ ਕੇ ਇਸ ਨੂੰ ਸੁਰੱਖਿਅਤ ਰਖਿਆ ਗਿਆ ਹੈ। ਲਾਸ਼ 'ਤੇ ਦਾਅਵੇਦਾਰੀ ਕਰਨ ਵਾਲਿਆਂ ਦਾ ਡੀ ਐੱਨ ਏ ਸੈਂਪਲ ਲੈ ਕੇ ਮੈਚ ਕਰਵ-ਾਇਆ ਜਾਏਗਾ। ਜੀ ਆਰ ਪੀ ਦੇ ਐੱਸ ਐੱਚ ਓ ਬਲਬੀਰ ਸਿੰਘ ਘੁੰਮਣ ਨੇ ਦੱਸਿਆ ਕਿ ਬਿਨਾਂ ਡੀ ਐੱਨ ਏ ਟੈਸਟ ਦੇ ਇਸ ਲਾਸ਼ ਨੂੰ ਕਿਸੇ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ।

# ਰਾਫੇਲ ਜਹਾਜ਼ ਸੌਦੇ ਵਿਚ ਸਿਨਹਾ, ਸ਼ੋਰੀ ਅਤੇ ਭੂਸ਼ਨ ਵੱਲੋਂ ਕੇਸ ਦਰਜ ਕਰਨ ਲਈ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ

ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀਆਂ ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਅਤੇ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਕੱਲ੍ਹ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕਰਕੇ ਰਾਫਾਲ ਲੜਾਕੂ ਜਹਾਜ਼ਾਂ ਦੀ ਖਰੀਦ ਲਈ ਹੋਏ ਸਮਝੌਤੇ ਦੌਰਾਨ ਉਚ ਅਹੁਦਿਆਂ 'ਤੇ ਬੈਠੇ ਸਰਕਾਰੀ ਅਧਿਕਾਰੀਆਂ ਵੱਲੋਂ 'ਫੌਜਦਾਰੀ ਦੁਰਾਚਾਰ' ਕੀਤੇ ਜਾਣ ਦਾ ਹਵਾਲਾ ਦਿੰਦਿਆਂ ਇਸ ਮਾਮਲੇ ਵਿੱਚ ਐਫ ਆਈ ਆਰ ਦਰਜ ਕੀਤੇ ਜਾਣ ਦੀ ਮੰਗ ਕੀਤੀ ਹੈ।

ਇਨ੍ਹਾਂ ਸਾਰਿਆਂ ਨੇ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਸੀ ਬੀ ਆਈ ਨੂੰ ਹਦਾਇਤ ਕਰੇ ਕਿ ਉਹ ਇਸ ਸ਼ਿਕਾਇਤ ਵਿੱਚ ਜ਼ਿਕਰ ਕੀਤੇ ਅਪਰਾਧਾਂ ਦੀ 'ਮਿੱਥੇ ਸਮੇਂ' ਵਿੱਚ ਜਾਂਚ ਕਰੇ ਅਤੇ ਸੁਪਰੀਮ ਕੋਰਟ ਨੂੰ ਜਾਂਚ ਦੇ ਸਟੇਟਸ ਬਾਰੇ ਨਾਲ ਦੀ ਨਾਲ ਸੂਚਿਤ ਕਰੇ। ਕੇਂਦਰੀ ਮੰਤਰੀਆਂ ਤੇ ਪ੍ਰਸ਼ਾਂਤ ਭੂਸ਼ਨ ਦੀ ਇਸ ਤਿੱਕੜੀ ਵੱਲੋਂ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਨਾਲ ਮੁਲਾਕਾਤ ਪਿੱਛੋਂ ਚਾਰ ਅਕਤੂਬਰ ਨੂੰ ਇਹ ਸ਼ਿਕਾਇਤ ਕੀਤੀ ਗਈ ਸੀ।

ਅਲੋਕ ਵਰਮਾ ਨੂੰ ਕੇਂਦਰੀ ਜਾਂਚ ਏਜੰਸੀ ਵਿੱਚ ਆਪਣੇ ਤੋਂ ਜੂਨੀਅਰ ਅਫਸਰ ਰਾਕੇਸ਼ ਅਸਥਾਨਾ ਨਾਲ ਪਏ ਕਲੇਸ਼ ਮਗਰੋਂ ਕੱਲ੍ਹ ਰਾਤ ਜਬਰੀ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਸਿਨਹਾ, ਸ਼ੋਰੀ ਤੇ ਸਿਨਹਾ ਦੀ ਤਿੱਕੜੀ ਨੇ ਇਹ ਪਟੀਸ਼ਨ ਸੁਪਰੀਮ ਕੋਰਟ ਵੱਲੋਂ 10 ਅਕਤੂਬਰ ਨੂੰ ਸਰਕਾਰ ਤੋਂ ਰਾਫਾਲ ਕਰਾਰ ਸਬੰਧੀ (ਸੌਦੇ ਦੀ ਕੀਮਤ ਤੇ ਤਕਨੀਕੀ ਜਾਣਕਾਰੀ ਨੂੰ ਛੱਡ ਕੇ) ਫੈਸਲਾ ਕਰਨ ਦੇ ਅਮਲ ਬਾਰੇ ਵੇਰਵੇ 29 ਅਕਤੂਬਰ ਤੱਕ ਸੀਲਬੰਦ ਲਿਫਾਫੇ ਵਿੱਚ ਮੰਗਣ ਪਿੱਛੋਂ ਕੀਤੀ ਸੀ।

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਤਾਂਬੇ ਦੇ ਕੰਗਣ ਉੱਤੇ ਸੋਨੇ ਦਾ ਪਾਣੀ ਚਾੜ੍ਹ ਕੇ ਠੱਗੀ ਮਾਰ ਲਈ

ਲੁਧਿਆਣਾ, 25 ਅਕਤੂਬਰ (ਪੋਸਟ ਬਿਊਰੋ)- ਕੱਪੜਾ ਵਪਾਰੀਆਂ ਨੂੰ ਲੁੱਟਣ ਪਿੱਛੋਂ ਨੌਸਰਬਾਜ਼ਾਂ ਨੇ ਸੁਨਿਆਰਿਆਂ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਹੈਬੋਵਾਲ ਵਿੱਚ ਇੱਕ ਸੁਨਿਆਰੇ ਨੂੰ ਮਹਿਲਾ ਸਮੇਤ ਤਿੰਨ ਨੌਸਰਬਾਜ਼ਾਂ ਨੇ ਤਾਂਬੇ ਦੇ ਕੰਗਣ ਗਹਿਣੇ ਰੱਖ ਕੇ 1.10 ਲੱਖ ਰੁਪਏ ਠੱਗ ਲਏ। ਥਾਣਾ ਹੈਬੋਵਾਲ ਪੁਲਸ ਨੇ ਤਿੰਨਾਂ ਦੇ ਖਿਲਾਫ ਕੇਸ ਦਰਜ ਕਰ ਕੇ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਜੋਸ਼ੀ ਨਗਰ ਦੇ ਉਮੇਸ਼ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੀ ਰਾਧਾ ਜਿਊਲਰਜ਼ ਦੇ ਨਾਂਅ ਦੀ ਦੁਕਾਨ ਹੈ। 11 ਅਕਤੂਬਰ ਸ਼ਾਮ ਨੂੰ ਦੁਕਾਨ 'ਤੇ ਇੱਕ ਮਹਿਲਾ ਅਤੇ ਸਰਦਾਰ ਸਮੇਤ ਤਿੰਨ ਜਣੇ ਆਏ। ਮਹਿਲਾ ਦੀ ਗੋਦ ਵਿੱਚ ਬੱਚਾ ਸੀ। ਉਨ੍ਹਾਂ ਲੋਕਾਂ ਨੇ ਛੇ ਤੋਲੇ ਸੋਨੇ ਦੇ ਦੋ ਕੰਗਣ ਗਿਰਵੀ ਰੱਖਣ ਦੀ ਗੱਲ ਕਹੀ ਅਤੇ ਉਮੇਸ਼ ਨੂੰ ਉਸ ਤਰ੍ਹਾਂ ਗੱਲਾਂ ਵਿੱਚ ਉਲਝਾ ਲਿਆ ਤੇ ਉਸ ਨੇ ਗਹਿਣੇ ਸਕੈਨ ਵੀ ਨਹੀਂ ਕਰਾਏ। ਜਦ




ਉਹ ਉਨ੍ਹਾਂ ਕੰਗਣਾਂ ਨੂੰ ਚੈਕ ਕਰਨ ਲੱਗਾ ਤਾਂ ਮਹਿਲਾ ਰੋਣ ਲੱਗੀ। ਉਸ ਨੇ ਕਿਹਾ ਕਿ ਛੋਟੀ ਉਮਰ ਵਿੱਚ ਉਸ ਦਾ ਵਿਆਹ ਕੈਨੇਡਾ ਵਾਸੀ ਐਨ ਆਰ ਆਈ ਨਾਲ ਹੋ ਗਿਆ ਸੀ। ਉਹ ਪਹਿਲਾਂ ਤੋਂ ਵਿਆਹਿਆ ਹੋਇਆ ਤੇ ਦੋ ਬੱਚਿਆਂ ਦਾ ਪਿਤਾ ਸੀ ਅਤੇ ਉਸ 'ਤੇ ਬਹੁਤ ਜ਼ੁਲਮ ਕਰਦਾ ਸੀ। ਕੁਝ ਦਿਨ ਬਾਅਦ ਸਾਡਾ ਤਲਾਕ ਹੋ ਗਿਆ। ਮਹਿਲਾ ਮੋਨੇ ਵਿਅਕਤੀ ਨੂੰ ਆਪਣਾ ਦੂਸਰਾ ਪਤੀ ਅਤੇ ਸਰਦਾਰ ਨੂੰ ਆਪਣਾ ਭਰਾ ਦੱਸ ਰਹੀ ਸੀ। ਉਸ ਨੇ ਦੱਸਿਆ ਕਿ ਐੱਨ ਆਰ ਆਈ ਪਤੀ ਦੀ ਕੁੱਟ ਤੋਂ ਉਸ ਦੇ ਪੇਟ ਵਿੱਚ ਗੰਭੀਰ ਬਿਮਾਰੀ ਹੋ ਗਈ ਹੈ, ਜਿਸ ਕਾਰਨ ਉਸ ਨੂੰ ਆਪਰੇਸ਼ਨ ਕਰਾਉਣ ਲਈ 60 ਗਰਾਮ ਸੋਨੇ ਦੇ ਕੰਗਣ ਗਿਰਵੀ ਰੱਖਣੇ ਪਏ ਹਨ। ਉਨ੍ਹਾਂ ਦੀਆਂ ਗੱਲਾਂ ਵਿੱਚ ਆਇਆ ਉਮੇਸ਼ ਇਮੋਸ਼ਨਲ ਹੋ ਗਿਆ। ਉਸ ਨੇ ਨੌਸਰਬਾਜ਼ਾਂ ਨੂੰ 1.10 ਲੱਖ ਰੁਪਏ ਦੇ ਦਿੱਤੇ। ਏ ਐੱਸ ਆਈ ਨੇ ਦੱਸਿਆ ਕਿ ਤਿੰਨਾਂ ਦੀ ਕਰਤੂਤ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਉਮੇਸ਼ ਨੇ ਦੱਸਿਆ ਕਿ ਉਂਝ ਤਾਂ ਗਹਿਣੇ ਗਿਰਵੀ ਰੱਖਦੇ ਸਮੇਂ ਉਹ ਲੋਕਾਂ ਦੇ ਆਈ ਡੀ ਪਰੂਫ ਦੀ ਕਾਪੀ ਲੈਂਦੇ ਹਨ, ਪਰ ਮਹਿਲਾ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਗੱਲਾਂ ਵਿੱਚ ਉਲਝਾ ਲਿਆ, ਜਿਸ ਕਾਰਨ ਉਹ ਆਈ ਡੀ ਕਾਰਡ ਦੀ ਕਾਪੀ ਲੈਣਾ ਭੁੱਲ ਗਿਆ।

ਦੁੱਗਰੀ ਦੇ ਅਲਾਕ ਜਿਊਲਰ ਦੇ ਮਾਲਕ ਜੋਗਿੰਦਰ ਪਾਲ ਨੂੰ ਵੀ ਇਸੇ ਗਿਰੋਹ ਨੇ 60 ਹਜ਼ਾਰ ਰੁਪਏ ਦਾ ਚੂਨਾ ਲਾਇਆ ਸੀ। ਉਮੇਸ਼ ਦੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਚੈੱਕ ਕਰ ਕੇ ਤਿੰਨਾਂ ਠੱਗਾਂ ਅਤੇ ਬੱਚੇ ਨੂੰ ਪਛਾਣਿਆ

# ਬੱਸ ਅੱਡੇ ਤੋਂ ਐਨ ਆਰ ਆਈ ਗਾਇਬ, ਪਤਨੀ ਵੱਲੋਂ ਸ਼ਿਕਾਇਤ

ਜਲੰਧਰ, 25 ਅਕਤੂਬਰ (ਪੋਸਟ ਬਿਊਰੋ)- ਪਿਛਲੇ 20 ਸਾਲਾਂ ਤੋਂ ਅਮਰੀਕਾ 'ਚ ਰਹਿੰਦਾ ਇਕ ਸੇਵਾ-ਮੁਕਤ ਸੂਬੇਦਾਰ ਕੱਲ੍ਹ ਆਪਣੀ ਪਤਨੀ ਨਾਲ ਦਿੱਲੀ ਪੁੱਜਾ। ਇਸ ਤੋਂ ਬਾਅਦ ਪਤਨੀ ਨਾਲ ਦਿੱਲੀ ਤੋਂ ਇੰਡੋ ਕੈਨੇਡੀਅਨ ਬੱਸ 'ਚ ਜਲੰਧਰ ਲਈ ਸਵਾਰ ਹੋਇਆ। ਬੱਸ ਜਲੰਧਰ ਪੁੱਜਣ ਉੱਤੇ ਜਦ ਉਸ ਦੀ ਪਤਨੀ ਬੱਸ ਦੀ ਡਿੱਕੀ 'ਚੋਂ ਸਾਮਾਨ ਕਢਵਾ ਰਹੀ ਸੀ ਤਾਂ ਉਹ ਐਨ ਆਰ ਆਈ ਲਾਪਤਾ ਹੋ ਗਿਆ।

ਐਨ ਆਰ ਆਈ ਪਤਨੀ ਨੇ ਪਤੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਜਲੰਧਰ ਬੱਸ ਅੱਡਾ ਚੌਕੀ ਦੇ ਇੰਚਾਰਜ ਸੇਵਾ ਸਿੰਘ ਕੋਲ ਲਿਖਾਉਂਦੇ ਹੋਏ ਕਿਹਾ ਕਿ ਉਸ ਦੇ ਐਨ ਆਰ ਆਈ ਪਤੀ ਨੂੰ ਭੁੱਲਣ ਦੀ ਬਿਮਾਰੀ ਹੈ। ਬੱਸ ਅੱਡਾ ਚੌਕੀ ਸੇਵਾ ਸਿੰਘ ਮੁਤਾਬਕ ਐਨ ਆਰ ਆਈ ਕੁਲਜੀਤ ਕੌਰ, ਜੋ ਮੂਲ ਰੂਪ 'ਚ ਆਦਮਪੁਰ ਦੀ ਰਹਿਣ ਵਾਲੀ ਹੈ, ਨੇ ਪਤੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਿੱਤੀ ਹੈ, ਜਿਸ ਵਿੱਚ ਉਸ ਨੇ ਦੱਸਿਆ ਕਿ ਕੱਲ੍ਹ ਰਾਤ ਉਹ ਆਪਣੇ 72 ਸਾਲਾ ਐਨ ਆਰ ਆਈ ਪਤੀ ਸੁਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਨਾਲ ਅਮਰੀਕਾ ਤੋਂ ਦਿੱਲੀ ਏਅਰਪੋਰਟ ਪੁੱਜੀ ਸੀ। ਦਿੱਲੀ ਤੋਂ ਦੋਵੇਂ ਇੰਡੋ ਕੈਨੇਡੀਅਨ ਬੱਸ 'ਚ ਜਲੰਧਰ ਲਈ ਬੈਠੇ। ਬੱਸ ਕੱਲ੍ਹ ਸਵੇਰੇ ਕਰੀਬ ਸਾਢੇ ਨੌਂ ਵਜੇ ਬੱਸ ਜਲੰਧਰ ਬੱਸ ਅੱਡਾ 'ਤੇ ਪੁੱਜੀ ਤਾਂ ਉਹ ਬੱਸ ਤੋਂ ਉਤਰ ਕੇ ਬੱਸ ਦੀ ਡਿੱਕੀ ਤੋਂ ਸਾਮਾਨ ਕੱਢਣ ਲੱਗੀ। ਇਸ ਦੌਰਾਨ ਉਸ ਦਾ ਪਤੀ ਸੁਰਜੀਤ ਲਾਪਤਾ ਹੋ ਗਿਆ। ਉਨ੍ਹਾਂ ਦੇ ਪਤੀ ਨੂੰ ਭੁੱਲਣ ਦੀ ਬਿਮਾਰੀ ਹੈ ਤੇ ਕਿਸੇ ਜਗ੍ਹਾ ਦਾ ਨਾਂ ਯਾਦ ਨਹੀਂ ਰਹਿੰਦਾ। ਉਹ ਭੁੱਲਣ ਦੀ ਬਿਮਾਰੀ ਤੋਂ ਇਸ ਹੱਦ ਤੱਕ ਗ੍ਰਸਤ ਹਨ ਕਿ ਉਹ ਖੁਦ ਘਰ ਵਾਪਸ ਨਹੀਂ ਪੁੱਜ ਸਕਦੇ। ਪੁਲਸ ਕਿਸੇ ਤਰ੍ਹਾਂ ਲੱਭ ਕੇ ਉਨ੍ਹਾਂ ਦੇ ਪਤੀ ਨੂੰ ਘਰ ਲੈ ਆਵੇ। ਚੌਕੀ ਇੰਚਾਰਜ ਸੇਵਾ ਸਿੰਘ ਨੇ ਕਿਹਾ ਕਿ ਲਾਪਤਾ ਹੋਏ ਸੂਬੇਦਾਰ ਐਨ ਆਰ ਆਈ ਸੁਰਜੀਤ ਦੀ ਭਾਲ ਲਈ ਸਾਰੇ ਥਾਣਿਆਂ ਨੂੰ ਉਨ੍ਹਾਂ ਦੇ ਹੁਲੀਏ ਬਾਰੇ ਜਾਣਕਾਰੀ ਭੇਜ ਦਿੱਤੀ ਗਈ ਹੈ ਤਾਂ ਕਿ ਸਾਰੇ ਥਾਣਿਆਂ ਦੇ ਇਲਾਕਿਆਂ 'ਚ ਉਨ੍ਹਾਂ ਦੀ ਭਾਲ ਸ਼ੁਰੂ ਹੋ ਸਕੇ। ਉਸ ਸਮੇਂ ਦੌਰਾਨ ਜਲੰਧਰ ਦੇ ਬੱਸ ਅੱਡੇ ਤੋਂ ਕਿੱਥੋਂ-ਕਿਥੇ ਬੱਸਾਂ ਰਵਾਨਾ ਹੋਈਆਂ, ਉਨ੍ਹਾਂ ਦੇ ਡਰਾਈਵਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਕਿ ਕਿਤੇ ਬਜ਼ੁਰਗ ਸੁਰਜੀਤ ਭੁੱਲ ਕੇ ਉਨ੍ਹਾਂ ਦੀ ਬੱਸ 'ਚ ਕਿਤੇ ਅੱਗੇ ਤਾਂ ਨਹੀਂ ਨਿਕਲ ਗਿਆ। ਜਨਤਕ ਥਾਵਾਂ 'ਤੇ ਵੀ ਸੁਰਜੀਤ ਦੀ ਭਾਲ ਪੁਲਸ ਟੀਮਾਂ ਕਰ ਰਹੀਆਂ ਹਨ।

# ਇਜ਼ਰਾਈਲ ਤੋਂ ਭਾਰਤ ਮਿਜ਼ਾਈਲਾਂ, ਡਿਫੈਂਸ ਸਿਸਟਮ ਅਤੇ ਜਹਾਜ਼ ਖਰੀਦੇਗਾ

ਯੇਰੋਸ਼ਲਮ, 25 ਅਕਤੂਬਰ (ਪੋਸਟ ਬਿਊਰੋ)- ਸਰਕਾਰੀ ਮਾਲਕੀ ਵਾਲੀ ਇਜ਼ਰਾਈਲੀ ਰੱਖਿਆ ਕੰਪਨੀ ਨੇ ਕੱਲ੍ਹ ਆਖਿਆ ਕਿ ਉਸ ਨੇ ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਲੰਮੀ ਦੂਰੀ ਦੀਆਂ ਬਰਾਕ ਅੱਠ ਮਿਜ਼ਾਈਲਾਂ ਅਤੇ ਭਾਰਤੀ ਜਲ ਸੈਨਾ ਲਈ ਮਿਜ਼ਾਈਲ ਡਿਫੈਂਸ ਸਿਸਟਮ ਸਪਲਾਈ ਕਰਨ ਲਈ ਸਮਝੌਤਾ ਕੀਤਾ ਹੈ।

ਇਜ਼ਰਾਈਲੀ ਕਾਰੋਬਾਰੀ ਅਖਬਾਰ 'ਗਲੋਬਜ਼' ਦੀ ਰਿਪੋਰਟ ਦੇ ਮੁਤਾਬਕ ਇਜ਼ਰਾਈਲ ਏਅਰੋਸਪੇਸ ਇੰਡਸਟ੍ਰੀਜ਼ ਆਈ ਏ ਆਈ ਨੇ ਕਿਹਾ ਹੈ ਕਿ ਭਾਰਤ ਇਲਕਟ੍ਰਾਨਿਕਸ ਲਿਮਟਿਡ (ਬੀ ਈ ਐਲ) ਇਸ ਪ੍ਰਾਜੈਕਟ ਲਈ ਮੁੱਖ ਧਿਰ ਹੋਵੇਗੀ। ਇਸ ਰਿਪੋਰਟ ਮੁਤਾਬਕ ਆਈ ਏ ਆਈ ਲੰਮੀ ਦੂਰੀ ਦੀ ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ (ਐਲ ਆਰ-ਐਸ ਏ ਐਮ) ਅਤੇ ਵਾਯੂ ਅਤੇ ਮਿਜ਼ਾਈਲ ਡਿਫੈਂਸ ਸਿਸਟਮ (ਏ ਐਮ ਡੀ), ਏ ਐਮ ਡੀ ਸਿਸਟਮ ਬਰਾਕ ਅੱਠ ਦਾ ਮਰੀਨ ਵਰਜ਼ਨ, ਭਾਰਤੀ ਜਲ ਸੈਨਾ ਲਈ ਅੱਠ ਜਹਾਜ਼ ਸਪਲਾਈ ਕਰੇਗੀ। ਆਈ ਏ ਆਈ ਇਜ਼ਰਾਈਲ ਦੀ ਸਭ ਤੋਂ ਵੱਡੀ ਏਅਰੋਸਪੇਸ ਤੇ ਰੱਖਿਆ ਕੰਪਨੀ ਹੈ, ਜੋ ਐਂਟੀ ਮਿਜ਼ਾਈਲ, ਏਰੀਅਲ ਸਿਸਟਮ ਅਤੇ ਖੁਫੀਆ ਤੇ ਸਾਈਬਰ ਸੁਰੱਖਿਆ ਸਿਸਟਮ ਸਮੇਤ ਡਿਫੈਂਸ ਸਿਸਟਮ ਬਣਾਉਂਦੀ ਤੇ ਸਪਲਾਈ ਕਰਦੀ ਹੈ। ਆਈ ਏ ਆਈ ਦੇ ਸੀ ਈ ਓ ਅਤੇ ਮੁਖੀ ਨਿਮਰੌਦ ਸ਼ੈਫਰ ਨੇ ਕਿਹਾ, 'ਆਈ ਏ ਆਈ ਦੀ ਭਾਰਤ ਨਾਲ ਸਾਂਝ ਬਹੁਤ ਪੁਰਾਣੀ ਹੈ ਜੋ ਸਾਂਝੇ ਤੌਰ 'ਤੇ ਸਿਸਟਮ ਵਿਕਾਸ ਤੇ ਨਿਰਮਾਣ ਦੇ ਰੂਪ ਵਿੱਚ ਸਾਹਮਣੇ ਆਈ ਹੈ।'

# ਹੈਲਮਟ ਪਾਉਣਾ ਲਾਜ਼ਮੀ ਕਰਨ ਉਤੇ ਪਾਕਿ ਸਿੱਖਾਂ ਨੇ ਰੋਸ ਪ੍ਰਗਟ ਕੀਤਾ

ਲਾਹੌਰ, 25 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਅਦਾਲਤ ਦੇ ਹੁਕਮਾਂ ਮੁਤਾਬਕ 23 ਸਤੰਬਰ ਤੋਂ 'ਟਰੈਫਿਕ ਸੇਫਟੀ ਐਕਟ' ਦੇ ਅਧੀਨ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਸ ਦੇ ਚੱਲਦਿਆਂ ਟਰੈਫਿਕ ਪੁਲਸ ਵੱਲੋਂ ਹੈਲਮਟ ਨਾ ਪਾਉਣ ਵਾਲੇ ਲੋਕਾਂ ਦੇ ਚਲਾਨ ਕੱਟਣੇ ਸ਼ੁਰੂ ਕਰ ਦਿੱਤੇ ਗਏ ਹਨ ਤੇ ਉਨ੍ਹਾਂ ਨੂੰ 1000 ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਰਿਹਾ ਹੈ।

ਇਸ ਐਕਟ ਅਧੀਨ ਪਾਕਿ ਸਿੱਖਾਂ ਲਈ ਵੀ ਹੈਲਮਟ ਪਾਉਣਾ ਲਾਜ਼ਮੀ ਕੀਤਾ ਗਿਆ ਹੈ, ਜਿਸ ਦਾ ਸਿੱਖ ਭਾਈਚਾਰੇ ਨੇ ਵਿਰੋਧ ਕੀਤਾ ਹੈ। ਇਸ ਬਾਰੇ ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਮੋਟਰ ਸਾਈਕਲਾਂ 'ਤੇ ਰੋਸ ਰੈਲੀ ਕੱਢਦਿਆਂ ਕਿਹਾ ਕਿ ਜੇ ਇਸ ਐਕਟ ਤੋਂ ਦਸਤਾਰਧਾਰੀ ਸਿੱਖਾਂ ਨੂੰ ਛੋਟ ਨਾ ਦਿੱਤੀ ਤਾਂ ਇਹ ਮਾਮਲਾ ਅਦਾਲਤੀ ਆਦੇਸ਼ਾਂ ਨਾਲ ਜੁੜਿਆ ਹੋਣ ਕਰਕੇ ਕਾਨੂੰਨੀ ਚਾਰਾਜੋਈ ਵਾਸਤੇ ਇਹ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਜਾਵੇਗਾ। ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਅਤੇ ਹੋਰਨਾਂ ਨੇ ਸਿੱਖਾਂ ਦੇ ਦੋ ਪਹੀ



ਵਾਹਨ ਚਲਾਉਣ ਸਮੇਂ ਹੈਲਮਟ ਪਾਉਣਾ ਲਾਜ਼ਮੀ ਕੀਤੇ ਜਾਣ ਨੂੰ ਸਿੱਖ ਸਿਧਾਂਤਾਂ ਦੇ ਉਲਟ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਰਹਿਤ ਮਰਿਆਦਾ ਮੁਤਾਬਕ ਕਿਸੇ ਵੀ ਕੇਸਧਾਰੀ ਸਿੱਖ ਲਈ ਲੋਹ ਟੋਪ ਪਹਿਨਣਾ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸਿੱਖ ਅਦਾਲਤੀ ਹੁਕਮਾਂ ਤੋਂ ਇਨਕਾਰੀ ਨਹੀਂ, ਪਰ ਪਗੜੀ ਦੇ ਉਪਰ ਹੋਰ ਕੋਈ ਚੀਜ਼ ਰੱਖੀ ਜਾਂ ਪਹਿਨੀ ਨਹੀਂ ਜਾ ਸਕਦੀ।

# ਪਾਕਿ ਸੁਪਰੀਮ ਕੋਰਟ ਵੱਲੋਂ ਨਵਾਜ਼ ਤੇ ਮਰੀਅਮ ਨੂੰ ਨੋਟਿਸ ਜਾਰੀ

ਲਾਹੌਰ, 25 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਕੌਮੀ ਜਵਾਬਦੇਹੀ ਬਿਊਰੋ (ਐਨ ਏ ਬੀ) ਵੱਲੋਂ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੀ ਧੀ ਮਰੀਅਮ ਨਵਾਜ਼ ਨੂੰ ਨੋਟਿਸ ਜਾਰੀ ਕੀਤੇ ਹਨ।

ਐਨ ਏ ਬੀ ਨੇ ਸੁਪਰੀਮ ਕੋਰਟ ਵਿੱਚ ਬੀਤੇ ਦਿਨੀਂ ਪਟੀਸ਼ਨ ਦਾਇਰ ਕਰਕੇ ਇਸਲਾਮਾਬਾਦ ਹਾਈ ਕੋਰਟ ਵੱਲੋਂ ਨਵਾਜ਼ ਸ਼ਰੀਫ, ਮਰੀਅਮ ਸ਼ਰੀਫ ਤੇ ਮੁਹੰਮਦ ਸਫਦਰ ਬਾਰੇ ਏਵਨਫੀਲਡ ਭ੍ਰਿਸ਼ਟਾਚਾਰ ਦੇ ਮਾਮਲੇ ਬਾਰੇ ਸੁਣਾਏ ਫੈਸਲੇ ਨੂੰ ਮੁਅੱਤਲ ਕਰਨ ਲਈ ਅਪੀਲ ਦਾਇਰ ਕੀਤੀ ਸੀ। ਚੀਫ ਜਸਟਿਸ ਮੀਆਂ ਸਾਕਿਬ ਨਿਸਾਰ ਦੀ ਅਗਵਾਈ ਵਾਲੇ ਬੈਂਚ ਨੇ ਪਟੀਸ਼ਨ ਸੁਣਨ ਉਪਰੰਤ ਕੱਲ੍ਹ ਨਵਾਜ਼ ਸਰੀਫ ਤੇ ਉਨ੍ਹਾਂ ਦੀ ਧੀ ਨੂੰ ਨੋਟਿਸ ਜਾਰੀ ਕੀਤੇ। ਉਕਤ ਪਟੀਸ਼ਨ 'ਚ ਐਨ ਏ ਬੀ ਨੇ




ਲਾਹੌਰ ਹਾਈ ਕੋਰਟ ਵੱਲੋਂ 19 ਸਤੰਬਰ ਨੂੰ ਦਿੱਤੇ ਫੈਸਲੇ ਨੂੰ ਬੇਲੋੜਾ ਐਲਾਨਦਿਆਂ ਨਵਾਜ਼ ਸ਼ਰੀਫ ਨੂੰ ਸਜ਼ਾ ਸੁਣਾਉਣ ਤੇ ਹੋਰ ਸਾਰੇ ਮੁਲਜ਼ਮਾਂ ਨੂੰ ਦਿੱਤੀ ਗਈ ਜ਼ਮਾਨਤ ਨੂੰ ਰੱਦ ਕਰਨ ਲਈ ਬੇਨਤੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਕੈਪਟਨ (ਸੇਵਾਮੁਕਤ) ਸਫਦਰ ਦੀ ਸਜ਼ਾ ਮੁਅੱਤਲ ਕਰਨ ਖਿਲਾਫ ਅਪੀਲ ਦਾ ਨੋਟਿਸ ਨਹੀਂ ਲਿਆ ਜਾਵੇਗਾ, ਕਿਉਂਕਿ ਉਸ ਦੀ ਕੈਦ ਦੀ ਸਜ਼ਾ ਕੇਵਲ ਇਕ ਸਾਲ ਸੀ। ਸੁਣਵਾਈ ਦੌਰਾਨ ਬੈਂਚ ਨੇ ਲਾਹੌਰ ਹਾਈ ਕੋਰਟ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਸੁਣਵਾਈ ਛੇ ਨਵੰਬਰ ਤੱਕ ਮੁਲਤਵੀ ਕਰ ਦਿੱਤੀ।

# ਕਾਬੂ ਕੀਤੇ ਜਾਅਲੀ ਐਸ ਪੀ ਦੇ ਚਾਰ ਵਿਆਹ ਕਰਵਾਏ ਨਿਕਲੇ

ਕਪੂਰਥਲਾ, 25 ਅਕਤੂਬਰ (ਪੋਸਟ ਬਿਊਰੋ)- ਸੀ ਆਈ ਏ ਸਟਾਫ ਕਪੂਰਥਲਾ ਦੀ ਪੁਲਸ ਵੱਲੋਂ ਕਾਬੂ ਕੀਤੇ ਗਏ ਰੇਲਵੇ ਦੇ ਜਾਅਲੀ ਐਸ ਪੀ ਨੇ ਪੁੱਛਗਿੱਛ ਦੌਰਾਨ ਕਈ ਖੁਲਾਸੇ ਕੀਤੇ ਹਨ। ਇਸ ਜਾਅਲੀ ਐਸ ਪੀ ਸੁਰਜੀਤ ਸਿੰਘ ਨੇ ਆਪਣੀ ਸਕਾਰਪੀਓ ਗੱਡੀ 'ਤੇ ਭਾਰਤ ਸਰਕਾਰ ਦਾ ਸਟੀਕਰ ਲਾਇਆ ਹੋਇਆ ਸੀ ਅਤੇ ਇੰਟਰਨੈਟ ਤੋਂ ਰੇਲਵੇ ਦੀ ਐਸ ਪੀ ਦੀ ਵਰਦੀ ਤਿਆਰ ਕਰਵਾ ਕੇ ਪੰਜਾਬ ਦੇ ਲੋਕਾਂ ਨੂੰ ਰੇਲਵੇ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰੀ ਸੀ। ਉਸ ਨੇ ਆਪਣੇ ਜਾਅਲੀ ਐਸ ਪੀ ਵਾਲੇ ਅਹੁਦੇ ਦਾ ਰੋਹਬ ਦਿਖਾ ਕੇ ਚਾਰ ਵਿਆਹ ਵੀ ਕਰਵਾ ਲਏ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ 'ਚੋਂ ਇਕ ਵਿਆਹ ਉਸ ਨੇ 16 ਜੂਨ 2012 ਨੂੰ ਅੰਮ੍ਰਿਤਸਰ ਦੀ ਰਹਿਣ ਵਾਲੀ ਲੜਕੀ ਨਾਲ ਕਰਵਾਇਆ ਸੀ। ਇਸ ਕੇਸ ਵਿੱਚ ਲੜਕੀ ਨੇ ਫਰਜ਼ੀ ਐਸ ਪੀ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਉਤੇ ਥਾਣਾ ਸੁਲਤਾਨਵਿੰਡ ਅੰਮ੍ਰਿਤਸਰ ਦੀ ਪੁਲਸ ਵੱਲੋਂ ਫੜੇ ਗਏ ਫਰਜ਼ੀ ਐਸ ਪੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਉਹ ਇਸ ਮਾਮਲੇ ਵਿੱਚ ਭਗੌੜਾ ਸੀ। ਇਸ ਤੋਂ ਬਾਅਦ ਉਸ ਨੇ ਇਕ ਵਿਆਹ ਜਲਾਲਾਬਾਦ ਦੀ ਰਹਿਣ ਵਾਲੀ ਲੜਕੀ ਨਾਲ ਕੀਤਾ ਸੀ। ਉਸ ਲੜਕੀ ਨੇ ਵੀ ਇਸ ਖਿਲਾਫ ਦਾਜ ਦੀ ਮੰਗ ਅਤੇ ਦੂਜਾ ਵਿਆਹ ਕਰਾਉਣ ਦਾ ਕੇਸ ਦਰਜ ਕਰਵ-ਾਇਆ ਸੀ। ਸੀ ਆਈ ਏ ਸਟਾਫ ਦੀ ਨਾਕਾਬੰਦੀ ਦੌਰਾਨ ਆਪਣੇ ਆਪ ਨੂੰ ਰੇਲਵੇ ਪੁਲਸ ਦਾ ਐਸ ਪੀ ਦੱਸਣ ਵਾਲੇ ਸੁਰਜੀਤ ਸਿੰਘ ਅਤੇ ਉਸ ਦੇ ਪਿਤਾ ਮਹਿਲ ਸਿੰਘ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ। ਦੋਵੇਂ ਪਿਓ ਪੁੱਤਰ ਰੇਲਵੇ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਮਾਰਨ ਦੀ ਤਿਆਰੀ ਕਰਦੇ ਹੋਏ ਰੇਲ ਕੋਚ ਫੈਕਟਰੀ ਨੂੰ ਜਾ ਰਹੇ ਸਨ। ਪੁਲਸ ਨੇ ਦੋਵਾਂ ਕੋਲੋਂ ਰੇਲਵੇ ਦੀਆਂ ਫਰਜ਼ੀ ਮੋਹਰਾਂ, ਐਸ ਪੀ ਦਾ ਫਰਜ਼ੀ ਪਛਾਣ ਕਾਰਡ ਤੇ ਹੋਰ ਵੀ ਕਈ ਦਸਤਾਵੇਜ਼ ਬਰਾਮਦ ਕੀਤੇ ਸਨ। ਸੀ ਆਈ ਏ ਸਟਾਫ ਦੇ ਮੁਖੀ ਇੰਸਪੈਕਟਰ ਸੁਰਿੰ-ਦਰ ਚਾਂਦ ਨੇ ਕਿਹਾ ਕਿ ਫਰਜ਼ੀ ਐਸ ਪੀ ਨੇ ਚਾਰ ਵਿਆਹ ਕਰਵਾਉਣ ਦੀ ਗੱਲ ਮੰਨੀ ਹੈ, ਜਿਨ੍ਹਾਂ ਵਿੱਚੋਂ ਦੋਵਾਂ ਬਾਰੇ ਪਤਾ ਲੱਗ ਹੈ, ਬਾਕੀਆਂ ਦਾ ਪਤਾ ਲਾਉਣਾ ਬਾਕੀ ਹੈ।




GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਵਿਰਾਟ ਕੋਹਲੀ 37ਵਾਂ ਸੈਂਕੜਾ ਲਾ ਕੇ ਦੁਨੀਆ ਦੇ ਸਭ ਤੋਂ ਤੇਜ਼ 10 ਹਜ਼ਾਰੀ

ਵਿਸ਼ਾਖਾਪਟਨਮ, 25 ਅਕਤੂਬਰ (ਪੋਸਟ ਬਿਊਰੋ)- ਵੈਸਟ ਇੰਡੀਜ਼ ਦੇ ਖਿਲਾਫ 157 ਦੌੜਾਂ ਦੀ ਪਾਰੀ ਖੇਡ ਕੇ ਵੰਨ ਡੇ ਕਰੀਅਰ ਦਾ 37ਵਾਂ ਸੈਂਕੜਾ ਲਾਉਣ ਵਾਲੇ ਭਾਰਤੀ ਕ੍ਰਿਕਟ ਕਪਤਾਨ ਵਿਰਾਟ ਕੋਹਲੀ ਆਪਣੇ ਦੇਸ਼ ਦੇ ਵਰਲਡ ਰਿਕਾਰਡ ਵਾਲੇ ਸਚਿਨ ਤੇਂਦੁਲਕਰ ਨੂੰ ਪਿੱਛੇ ਛੱਡ ਕੇ ਇੱਕ ਦਿਨਾਂ ਕ੍ਰਿਕਟ ਵਿੱਚ ਸਭ ਤੋਂ ਤੇਜ਼ 10 ਹਜ਼ਾਰ ਦੌੜਾਂ ਬਣਾਉਣ ਵਾਲੇ ਖਿਡਾਰੀ ਬਣ ਗਏ ਹਨ। ਵਿਰਾਟ ਨੇ ਵੈਸਟ ਇੰਡੀਜ਼ ਦੇ ਖਿਲਾਫ ਦੂਜੇ ਵੰਨ ਡੇ ਵਿੱਚ ਆਪਣੀ ਪਾਰੀ ਵਿੱਚ 81ਵੀਂ ਦੌੜ ਬਣਾਉਣ ਦੇ ਨਾਲ ਹੀ ਇਹ ਰਿਕਾਰਡ ਸਥਾਪਤ ਕਰ ਦਿੱਤਾ।



ਭਾਰਤ ਦੀ ਦੌੜਾਂ ਦੀ ਮਸ਼ੀਨ ਕਹੇ ਜਾਂਦੇ ਵਿਰਾਟ ਕੋਹਲੀ ਦੇ ਸਭ ਤੋਂ ਤੇਜ਼ 10 ਹਜ਼ਾਰੀ ਬਣਨ ਦੇ ਜਸ਼ਨ ਨੂੰ ਵੈਸਟ ਇੰਡੀਜ਼ ਦੇ ਸ਼ਾਈ ਹੋਪ ਨੇ ਚੌਕਾ ਮਾਰ ਕੇ ਫਿੱਕਾ ਕਰ ਦਿੱਤਾ। ਭਾਰਤ ਅਤੇ ਵੈਸਟ ਇੰਡੀਜ਼ ਵਿਚਾਲੇ ਦੂਸਰਾ ਵੰਨ ਡੇ ਕੱਲ੍ਹ ਰੋਮਾਂਚ ਦੀ ਚੋਟੀ 'ਤੇ ਪਹੁੰਚਣ ਤੋਂ ਬਾਅਦ ਟਾਈ ਨਾਲ ਖਤਮ ਹੋਇਆ। ਭਾਰਤ ਨੇ ਛੇ ਵਿਕਟਾਂ 'ਤੇ 321 ਦੌੜਾਂ ਬਣਾਈਆਂ, ਜਦ ਕਿ ਵੈਸਟ ਇੰਡੀਜ਼ ਨੇ ਸੱਤ ਵਿਕਟਾਂ 'ਤੇ 321 ਦੌੜਾਂ ਬਣਾਈਆਂ। ਇਹ ਮੁਕਾ-ਬਲਾ ਸ਼ਾਨਦਾਰ ਉਤਰਾ-ਚੜ੍ਹਾਅ ਨਾਲ ਭਰਪੂਰ ਰਿਹਾ। ਵੈਸਟ ਇੰਡੀਜ਼ ਨੂੰ ਆਖਰੀ ਓਵਰ ਵਿੱਚ ਜਿੱਤਣ ਦੇ ਲਈ 14 ਦੌੜਾਂ ਦੀ ਲੋੜ ਸੀ, ਪਰ ਉਮੇਸ਼ ਯਾਦਵ ਦੇ ਓਵਰ ਵਿੱਚ ਆਖਰੀ ਗੇਂਦ ਦੇ ਰੋਮਾਂਚ 'ਤੇ ਮੈਚ ਖਤਮ ਹੋ ਗਿਆ। ਵਿੰਡੀਜ਼ ਨੂੰ ਆਖਰੀ ਗੇਂਦ 'ਤੇ ਜਿੱਤ ਲਈ ਪੰਜ ਦੌੜਾਂ ਚਾਹੀਦੀਆਂ ਸਨ। ਸੈਂਕੜਾਧਾਰੀ ਸ਼ਾਈ ਹੋਪ ਨੇ ਚੌਕਾ ਮਾਰ ਕੇ ਮੈਚ ਟਾਈ ਕਰਵਾ ਦਿੱਤਾ।

ਇਸ ਤੋਂ ਪਹਿਲਾਂ ਕਪਤਾਨ ਵਿਰਾਟ ਕੋਹਲੀ ਇੱਕ ਹੋਰ ਸੈਂਕੜਾ ਲਾ ਕੇ ਸਭ ਤੋਂ ਤੇਜ਼ 10,000 ਵੰਨ ਡੇ ਦੌੜਾਂ ਪੂਰੀਆਂ ਕਰਨ ਵਾਲਾ ਬੱਲੇਬਾਜ਼ ਬਣ ਗਿਆ। ਕੋਹਲੀ ਪੰਜਵਾਂ ਭਾਰਤੀ ਬੱਲੇਬਾਜ਼ ਅਤੇ ਵਿਸ਼ਵ ਦਾ 13ਵਾਂ ਖਿਡਾਰੀ ਬਣਿਆ ਜਿਸ ਨੇ ਵਨਡੇ ਵਿੱਚ 10,000 ਦੌੜਾਂ ਪੂਰੀਆਂ ਕੀਤੀਆਂ।






# ਮੰਦਰ-ਮਸਜਿਦ ਦਾ ਮੁੱਦਾ ਅਹਿਮ ਜਾਂ ਆਮ ਆਦਮੀ ਦੀ ਰੋਟੀ ਦਾ

-ਰੋਹਿਤ ਕੌਸ਼ਿਕ-

ਸੁਪਰੀਮ ਕੋਰਟ ਨੇ ਬੀਤੀ 27 ਸਤੰਬਰ ਨੂੰ ਅਯੁੱਧਿਆ ਭੂਮੀ ਵਿਵਾਦ ਦੀ ਸੁਣਵਾਈ ਮੌਕੇ ਹਾਈ ਕੋਰਟ ਦੇ 1994 ਵਾਲੇ ਇਕ ਫੈਸਲੇ 'ਚ ਕੀਤੀ ਟਿੱਪਣੀ ਨਾਲ ਜੁੜਿਆ ਸਵਾਲ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ। ਹਾਈ ਕੋਰਟ ਨੇ 1994 ਦੇ ਫੈਸਲੇ 'ਚ ਟਿੱਪਣੀ ਕੀਤੀ ਸੀ ਕਿ ਮਸਜਿਦ ਇਸਲਾਮ ਦਾ ਅੰਗ ਨਹੀਂ ਹੈ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਅਯੁੱਧਿਆ ਵਿੱਚ ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦ ਵਿੱਚ ਦੀਵਾਨੀ ਝਗੜੇ ਦਾ ਫੈਸਲਾ ਸਬੂਤਾਂ ਦੇ ਆਧਾਰ 'ਤੇ ਹੋਵੇਗਾ ਅਤੇ 1994 ਦਾ ਫੈਸਲਾ ਇਸ ਮਾਮਲੇ 'ਚ ਢੁਕਵਾਂ ਨਹੀਂ ਹੈ। ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦ ਵਿੱਚ ਇਲਾਹਾਬਾਦ ਹਾਈ ਕੋਰਟ ਦੇ ਸਤੰਬਰ 2010 ਦੇ ਫੈਸਲੇ ਵਿਰੁੱਧ ਦਾਇਰ ਅਪੀਲਾਂ ਉੱਤੇ 29 ਅਕਤੂਬਰ ਤੋਂ ਸੁਣਵਾਈ ਹੋਵੇਗੀ। ਸਪੱਸ਼ਟ ਹੈ ਕਿ ਅਯੁੱਧਿਆ ਮਾਮਲੇ ਦਾ ਪ੍ਰੀਖਣ ਸਬੂਤਾਂ ਦੇ ਆਧਾਰ ਉਤੇ ਹੋਵੇਗਾ, ਨਾ ਕਿ ਮਸਜਿਦ ਦੀ ਧਾਰਮਿਕ ਮਹੱਤਤਾ ਦੇ ਆਧਾਰ 'ਤੇ।

ਇਹ ਮੰਦਭਾਗਾ ਹੈ ਕਿ ਮਸਜਿਦ ਦਾ ਢਾਂਚਾ ਡੇਗੇ ਜਾਣ ਤੋਂ ਇੰਨੇ ਸਾਲਾਂ ਬਾਅਦ ਵੀ ਇਸ ਦਾ ਹੱਲ ਨਹੀਂ ਕੱਢਿਆ ਜਾ ਸਕਿਆ, ਪਰ ਇੰਨੇ ਸਾਲਾਂ ਵਿੱਚ ਇਹ ਜ਼ਰੂਰ ਹੋਇਆ ਹੈ ਕਿ ਇਸ ਮੁੱਦੇ ਉਤੇ ਸਿਆਸਤ ਕਰਨ ਵਾਲੇ ਧਾਰਮਿਕ ਅਤੇ ਸਿਆਸੀ ਆਗੂਆਂ ਦੇ ਚਰਿੱਤਰ ਨੂੰ ਲੋਕ ਚੰਗੀ ਤਰ੍ਹਾਂ ਸਮਝ ਗਏ ਹਨ। ਏਸੇ ਲਈ ਅਯੁੱਧਿਆ 'ਚ ਸਮਾਜਿਕ ਤਾਣਾ ਬਾਣਾ ਪਹਿਲਾਂ ਤੋਂ ਵੱਧ ਮਜ਼ਬੂਤ ਹੈ। ਰਾਮ ਜਨਮ ਭੂਮੀ ਵਿਵਾਦ ਨੂੰ ਕਈ ਵਾਰ ਗੱਲਬਾਤ ਨਾਲ ਹੱਲ ਕਰਨ ਦੀ ਕੋਸ਼ਿਸ਼ ਹੋਈ, ਪਰ ਦੋਵਾਂ ਹੀ ਫਰਕਿਆਂ ਦੇ ਸਿਆਸਤਦਾਨਾਂ ਨੇ ਈਮਾਨਦਾਰੀ ਨਹੀਂ ਦਿਖਾਈ। ਇਸ ਉੱਤੇ ਕੁਝ ਨੇਤਾ ਤੇ ਧਾਰਮਿਕ ਆਗੂ ਆਪਣੇ ਬਿਆਨ ਬਦਲਦੇ ਰਹੇ। ਅਜਿਹੇ ਮੁੱਦਿਆਂ 'ਤੇ ਸਿਆਸਤਦਾਨਾਂ ਦੀ ਬਦਲੀ ਹੋਈ ਭਾਸ਼ਾ ਇਸ ਦੇਸ਼ ਦੀ ਸਿਆਸਤ ਦੇ ਉਸ ਚਰਿੱਤਰ ਵੱਲ ਇਸ਼ਾਰਾ ਕਰਦੀ ਹੈ, ਜੋ ਲਗਾਤਾਰ ਆਪਣੀ ਸਹੂਲਤ ਮੁਤਾਬਕ ਬਦਲਦਾ ਰਹਿੰਦਾ ਹੈ।

ਪਿਛਲੇ ਕੁਝ ਸਾਲਾਂ 'ਚ ਹਿੰਦੂ ਤੇ ਮੁਸਲਿਮ ਸੁਆਰਥੀ ਅਨਸਰਾਂ ਨੇ ਜਿਵੇਂ ਦੇਸ਼ ਦੀਆਂ ਬੁਨਿਆਦੀ ਲੋੜਾਂ ਨੂੰ ਨਕਾਰ ਕੇ ਭਾਰਤੀਆਂ ਦਾ ਧਿਆਨ ਮੰਦਰ ਮਸਜਿਦ ਦੇ ਮੁੱਦਿਆਂ ਵੱਲ ਖਿੱਚਿਆ ਹੈ, ਉਸ ਦੀ ਸੋਚੀ ਸਮਝੀ ਰਣਨੀਤੀ ਹੈ। ਤ੍ਰਾਸਦੀ ਇਹ ਹੈ ਕਿ ਇਸ ਦੌਰਾਨ ਮੰਦਰ ਮਸਜਿਦ ਦੇ ਮੁੱਦਿਆਂ ਨਾਲ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਦਾ ਹੀ ਹੋਇਆ ਹੈ।

ਅਯੁੱਧਿਆ ਅਤੇ ਗੋਧਰਾ ਗੁਜਰਾਤ ਦੀਆਂ ਘਟਨਾਵਾਂ ਤੋਂ ਬਾਅਦ ਸ਼ਾਇਦ ਕਿਸੇ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਕਿ ਇਨ੍ਹਾਂ ਘਟਨਾਵਾਂ 'ਚ ਦੰਗੇ ਕਰਾਉਣ ਵਾਲਿਆਂ ਦਾ ਕੁਝ ਨਹੀਂ ਵਿਗੜਦਾ, ਆਮ ਆਦਮੀ ਕਾਫੀ ਸਮਾਂ ਇਨ੍ਹਾਂ ਘਟਨਾਵਾਂ ਦਾ ਖਮਿਆਜ਼ਾ ਭੁਗਤਦਾ ਰਹਿੰਦਾ ਹੈ। ਇਸ ਸਮੇਂ ਦੇਸ਼ 'ਚ ਕਈ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਹਨ ਤੇ ਇਸ ਸਥਿਤੀ 'ਚ ਕੋਈ ਵੀ ਫਿਰਕੂ ਤਣਾਅ ਦੇਸ਼ ਨੂੰ ਨਿਵਾਣ 'ਚ ਪਹੁੰਚਾਉਣ ਲਈ ਕਾਫੀ ਹੈ। ਦੇਸ਼ ਦੇ ਕੁਝ ਸੁਆਰਥੀ ਅਨਸਰ ਅਜਿਹੇ ਮੌਕਿਆਂ ਦਾ ਲਾਹਾ ਲੈ ਕੇ ਆਪਣਾ ਉਲੂ ਸਿੱਧਾ ਕਰਨ ਦੀ ਤਾਕ 'ਚ ਹਨ। ਇਨ੍ਹਾਂ ਨੂੰ ਸਭ ਤੋਂ ਵੱਧ ਚਿੰਤਾ ਇਹੋ ਹੈ ਕਿ ਉਨ੍ਹਾਂ ਦਾ ਨੱਕ ਕਿਵੇਂ ਉਚਾ ਰਹੇ? ਇਨ੍ਹਾਂ ਦਾ ਚਰਿੱਤਰ ਸਮੇਂ-ਸਮੇਂ ਜ਼ਾਹਰ ਹੁੰਦਾ ਰਹਿੰਦਾ ਹੈ ਤੇ ਕਈ ਵਾਰ ਇਹ ਚਰਿੱਤਰ ਹੀ ਸਮੱਸਿਆ ਦੇ ਹੱਲ 'ਚ ਰੁਕਾਵਟ ਬਣ ਜਾਂਦਾ ਹੈ। ਇਹ ਅਨਸਰ ਮੰਦਰ ਮਸਜਿਦ ਦੇ ਜਨੂੰਨ ਵਿੱਚ ਗੰਭੀਰ ਸਮੱਸਿਆਵਾਂ ਨਾਲ ਜਕੜੇ ਇਸ ਦੇਸ਼ ਦੇ ਆਮ ਆਦਮੀ ਦੇ ਦੁੱਖ ਦਰਦ ਨਾਲ ਕੋਈ ਸਰੋਕਾਰ ਨਹੀਂ ਰੱਖਦੇ। ਇਹੋ ਵਜ੍ਹਾ ਹੈ ਕਿ ਇਹ ਅਨਸਰ ਗੈਰ ਧਾਰਮਿਕ ਕੰਮ ਕਰਦਿਆਂ ਲੋਕਾਂ ਦੀ ਆਸਥਾ ਅਤੇ ਸ਼ਰਧਾ ਨੂੰ ਢਾਲ ਵਾਂਗ ਇਸਤੇਮਾਲ ਕਰਨਾ ਚਾਹੁੰਦੇ ਹਨ।

ਕੀ ਕਿਸੇ ਦੀ ਸ਼ਰਧਾ ਸਾਹਮਣੇ ਇਕ ਲੋਕਤੰਤਰੀ ਦੇਸ਼ ਦੀ ਨਿਆਂ ਪਾਲਿਕਾ ਦੀ ਕੋਈ ਮਹੱਤਤਾ ਨਹੀਂ ਹੈ? ਸ਼ਰਧਾ ਲੋਕਾਂ ਵਿੱਚ ਭਰੋਸਾ ਪੈਦਾ ਕਰਦੀ ਹੈ। ਉਸੇ ਤਰ੍ਹਾਂ ਕਿਸੇ ਵੀ ਲੋਕਤੰਤਰੀ ਦੇਸ਼ ਦੀ ਨਿਆਂ ਪਾਲਿਕਾ ਦਾ ਕੰਮ ਨਿਆਂ ਦੇ ਜ਼ਰੀਏ ਲੋਕਾਂ 'ਚ ਭਰੋਸਾ ਪੈਦਾ ਕਰਨਾ ਹੁੰਦਾ ਹੈ। ਸਾਨੂੰ ਸਮਝਣਾ ਪਵੇਗਾ ਕਿ ਹਿੰਸਾ ਅਤੇ ਜੁਆਬੀ ਹਿੰਸਾ ਦਾ ਤੱਤ ਦੁਨੀਆ ਦੇ ਕਿਸੇ ਵੀ ਧਰਮ 'ਚ ਨਹੀਂ। ਮਹਾਤਮਾ ਗਾਂਧੀ ਨੇ ਆਪਣੀ ਪ੍ਰਸਿੱਧ ਕਿਤਾਬ 'ਹਿੰਦ ਸਵਰਾਜ' ਵਿੱਚ ਲਿਖਿਆ ਹੈ ਕਿ 'ਹਿੰਦੋਸਤਾਨ 'ਚ ਚਾਹੇ ਜਿਸ ਧਰਮ ਦੇ ਵੀ ਲੋਕ ਰਹਿਣ, ਉਸ ਨਾਲ ਇਹ ਦੇਸ਼ ਮਿਟਣ ਵਾਲਾ ਨਹੀਂ। ਇਸ ਵਿੱਚ ਜੋ ਨਵੇਂ ਲੋਕ ਸ਼ਾਮਲ ਹੁੰਦੇ ਹਨ, ਉਹ ਇਸ ਦੀ ਪਰਜਾ ਨੂੰ ਤੋੜ ਨਹੀਂ ਸਕਦੇ। ਉਹ ਇਸ ਦੀ ਪਰਜਾ 'ਚ ਘੁਲ ਮਿਲ ਜਾਂਦੇ ਹਨ। ਅਜਿਹਾ ਹੋਵੇ, ਤਾਂ ਹੀ ਕੋਈ ਦੇਸ਼ ਇਕ ਰਾਸ਼ਟਰ ਮੰਨਿਆ ਜਾਵੇਗਾ। ਅਜਿਹੇ ਮੁਲਕ 'ਚ ਦੂਜੇ ਲੋਕਾਂ ਨੂੰ ਅਪਣਾਉਣ ਦਾ ਗੁਣ ਹੋਣਾ ਚਾਹੀਦਾ ਹੈ। ਹਿੰਦੋਸਤਾਨ ਪਹਿਲਾਂ ਵੀ ਅਜਿਹਾ ਸੀ ਅਤੇ ਅੱਜ ਵੀ ਹੈ। ਉਂਝ ਤਾਂ ਜਿੰਨੇ ਆਦਮੀ, ਓਨੇ ਧਰਮ ਮੰਨ ਸਕਦੇ ਹਾਂ। ਇਕ ਰਾਸ਼ਟਰ ਬਣ ਕੇ ਰਹਿਣ ਵਾਲੇ ਲੋਕ ਇਕ ਦੂਜੇ ਦੇ ਧਰਮ 'ਚ ਦਖਲ ਨਹੀਂ ਦਿੰਦੇ। ਜੇ ਦਿੰਦੇ ਹਨ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਇਕ ਰਾਸ਼ਟਰ ਹੋਣ ਦੇ ਲਾਇਕ ਨਹੀਂ। ਜੇ ਹਿੰਦੂ ਮੰਨਣ ਕਿ ਸਾਰਾ ਹਿੰਦੋਸਤਾਨ ਸਿਰਫ ਹਿੰਦੂਆਂ ਦਾ ਭਰਿਆ ਹੋਣਾ ਚਾਹੀਦਾ ਹੈ ਤਾਂ ਇਹ ਨਿਰਾ ਸੁਪਨਾ ਹੈ। ਜੇ ਮੁਸਲਮਾਨ ਮੰਨਣ ਕਿ ਇਸ ਵਿੱਚ ਸਿਰਫ ਮੁਸਲਮਾਨ ਰਹਿਣ ਤਾਂ ਇਸ ਨੂੰ ਵੀ ਸੁਪਨਾ ਸਮਝੋ। ਜੋ ਹਿੰਦੂ, ਮੁਸਲਮਾਨ, ਪਾਰਸੀ, ਈਸਾਈ ਇਸ ਨੂੰ ਆਪਣਾ ਮੰਨ ਕੇ ਇਥੇ ਵਸਦੇ ਹਨ, ਉਹ ਹਮਵਤਨ, ਭਰਾ-ਭਰਾ ਹਨ ਤੇ ਇਕ ਦੂਜੇ ਦੇ ਸੁਆਰਥ ਲਈ ਵੀ ਉਨ੍ਹਾਂ ਨੂੰ ਇਕ ਹੋ ਕੇ ਰਹਿਣਾ ਪਵੇਗਾ। ਮਹਾਤਮਾ ਗਾਂਧੀ ਦਾ ਲਿਖਿਆ ਇਹ ਵਿਚਾਰ ਨਾ ਸਿਰਫ ਦੇਸ਼ ਦੀ ਸੱਭਿਆਚਾਰਕ ਪ੍ਰੰਪਰਾ 'ਤੇ ਚਾਨਣਾ ਪਾਉਂਦਾ ਹੈ, ਸਗੋਂ ਹਿੰਦੋਸਤਾਨ ਦੀ ਹਜ਼ਾਰਾਂ ਸਾਲ ਪੁਰਾਣੀ ਸਹਿਣਸ਼ੀਲਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਸ ਦੌਰ 'ਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਅੱਜ ਵੀ ਸਾਡੇ ਨੇਤਾਵਾਂ ਦੇ ਮਨ 'ਚ ਹਿੰਦੋਸਤਾਨ ਨੂੰ ਇਕ ਸੂਤਰ 'ਚ ਪਿਰੋਣ ਦੀ ਭਾਵਨਾ ਮਜ਼ਬੂਤ ਹੈ? ਕੁਝ ਨੇਤਾਵਾਂ ਨੂੰ ਫਿਰਕਾਪ੍ਰਸਤੀ ਦੀ ਅੱਗ 'ਚ ਘਿਓ ਪਾਉਂਦੇ ਦੇਖ ਕੇ ਤਾਂ ਉਨ੍ਹਾਂ ਦੀ ਇਸ ਭਾਵਨਾ 'ਤੇ ਸ਼ੱਕ ਹੁੰਦਾ ਹੈ। ਸਵਾਲ ਇਹ ਹੈ ਕਿ ਗਾਂਧੀ ਨੇ ਜਿਸ ਰਾਮਰਾਜ ਦੀ ਕਲਪਨਾ ਕੀਤੀ ਸੀ, ਕੀ ਉਹ ਕਲਪਨਾ ਬਣ ਕੇ ਹੀ ਰਹਿ ਜਾਵੇਗਾ?

ਵਿਚਾਰਨ ਯੋਗ ਸਵਾਲ ਇਹ ਹੈ ਕਿ ਅੱਜ ਸਾਡੇ ਸਾਹਮਣੇ ਮੰਦਰ ਮਸਜਿਦ ਦਾ ਮੁੱਦਾ ਜ਼ਿਆਦਾ ਅਹਿਮ ਹੈ ਜਾਂ ਆਮ ਆਦਮੀ ਦੀ ਰੋਜ਼ੀ ਰੋਟੀ ਦਾ? ਜਿਸ ਦੇਸ਼ 'ਚ ਰੋਜ ਬੇਕਸੂਰ ਲੋਕ ਅੱਤਵਾਦੀਆਂ, ਨਕਸਲੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਰਹੇ ਹੋਣ, ਜਿਸ ਦੇਸ਼ 'ਚ ਬੇਰੋਜ਼ਗਾਰਾਂ ਦੀ ਫੌਜ ਵਧਦੀ ਜਾਂਦੀ ਹੋਵੇ, ਇਸ ਦੇਸ਼ 'ਚ ਕਈ ਲੋਕ ਭੁੱਖੇ ਮਰ ਰਹੇ ਹੋਣ, ਜੋ ਦੇਸ਼ ਵੱਖ-ਵੱਖ ਮੋਰਚਿਆਂ 'ਤੇ ਆਰਥਿਕ ਔਕੜਾਂ ਦਾ ਸਾਹਮਣਾ ਕਰ ਰਿਹਾ ਹੋਵੇ, ਲੋਕ ਬਿਜਲੀ, ਸੜਕ, ਪਾਣੀ, ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹੋਣ, ਉਥੇ ਮੰਦਰ ਮਸਜਿਦ ਦਾ ਮੁੱਦਾ ਜ਼ਿਆਦਾ ਅਹਿਮ ਹੋ ਸਕਦਾ ਹੈ ਜਾਂ ਆਮ ਆਦਮੀ ਦੀ ਹੋਂਦ ਦਾ? ਏਥੇ ਧਰਮ ਦੇ ਠੇਕੇਦਾਰਾਂ ਨੇ ਧਰਮ ਨੂੰ ਸਭ ਤੋਂ ਵੱਡਾ ਮੁੱਦਾ ਸਮਝਿਆ ਹੈ। ਸ਼ਾਇਦ ਇਸੇ ਲਈ ਦੇਸ਼ ਦੇ ਹੋਰ ਮੁੱਦਿਆਂ ਨੂੰ ਨਕਾਰਦੇ ਹੋਏ ਧਰਮ ਦੇ ਨਾਂ 'ਤੇ ਗੈਰ ਧਾਰਮਿਕ ਕੰਮ ਕਰਨ ਦਾ ਅਧਿਕਾਰ ਵੀ ਉਨ੍ਹਾਂ ਨੂੰ ਪ੍ਰਾਪਤ ਹੈ। ਜੇ ਅਸੀਂ ਨਰ 'ਚ ਨਾਰਾਇਣ ਦੇ ਦਰਸ਼ਨ ਕਰਦਿਆਂ ਇਕ ਆਮ ਆਦਮੀ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਬਾਰੇ ਸੋਚਦੇ ਹਾਂ ਤਾਂ ਸ਼ਾਇਦ ਧਰਮ ਦੇ ਠੇਕੇਦਾਰਾਂ ਅਨੁਸਾਰ ਇਹ ਧਰਮ ਨਹੀਂ ਹੈ।

ਧਰਮ ਦੇ ਠੇਕੇਦਾਰਾਂ ਨੂੰ ਇਹ ਕੌਣ ਸਮਝਾਏਗਾ ਕਿ ਦੇਸ਼ ਦਾ ਆਮ ਆਦਮੀ ਆਪਣੇ ਕੰਮ ਨੂੰ ਪੂਜਾ ਜਾਂ ਇਬਾਦਤ ਮੰਨਦਾ ਹੈ। ਜਿਸ ਦਿਨ ਉਹ ਕੰਮ ਨਹੀਂ ਕਰੇਗਾ, ਉਸ ਦਾ ਮੰਦਰ ਜਾਂ ਮਸਜਿਦ ਉਸੇ ਦਿਨ ਡਗਮਗਾਉਣ ਲੱਗੇਗਾ। ਦੇਸ਼ ਦੇ ਆਮ ਆਦਮੀ ਨੂੰ ਅੱਜ ਅਯੁੱਧਿਆ ਵਿੱਚ ਰਾਮ ਮੰਦਰ ਜਾਂ ਮਸਜਿਦ ਬਣਨ ਦੀ ਚਿੰਤਾ ਨਹੀਂ, ਸਗੋਂ ਉਸ ਦੀ ਪਹਿਲੀ ਚਿੰਤਾ ਇਹ ਹੈ ਕਿ ਉਸ ਦੇ ਘਰ ਰੂਪੀ ਮੰਦਰ 'ਚ ਨਰ ਰੂਪੀ ਨਾਰਾਇਣ ਕਿਵੇਂ ਸੁਖੀ ਰਹਿਣ-ਗੇ, ਪਰ ਧਰਮ ਦੇ ਠੇਕੇਦਾਰ ਆਪਣਾ ਹੀ ਰਾਗ ਅਲਾਪਦੇ ਰਹਿੰਦੇ ਹਨ। ਸਮਾਂ ਆ ਗਿਆ ਹੈ ਕਿ ਇਸ ਸਬੰਧ 'ਚ ਸਾਰੀਆਂ ਧਿਰਾਂ ਗੰਭੀਰਤਾ ਤੇ ਸੰਜਮ ਤੋਂ ਕੰਮ ਲੈਣ। ਇਸ ਸਮੇਂ ਦੇਸ਼ ਨੂੰ ਫਿਰਕਾਪ੍ਰਸਤੀ ਦੀ ਅੱਗ ਤੋਂ ਬਚਾਉਣ ਲਈ ਇਕ ਸਾਰਥਕ ਪਹਿਲ ਦੀ ਲੋੜ ਹੈ।

---

## ਰੀਤੀ ਰਿਵਾਜ ਬਨਾਮ ਫੋਕੀ ਸ਼ੋਹਰਤ

-ਹਰਦੀਪ ਸਿੰਘ ਝੱਜ-

ਖੁਸ਼ੀ ਅਤੇ ਗਮ ਜ਼ਿੰਦਗੀ ਦਾ ਅਟੁੱਟ ਅੰਗ ਹਨ। ਇਹ ਦੋਵੇਂ ਮੌਕੇ ਵਾਰ-ਵਾਰ ਆਉਂਦੇ ਰਹਿੰਦੇ ਹਨ। ਸਮਾਜ ਵਿੱਚ ਵਿਚਰਦਿਆਂ ਖੁਸ਼ੀਆਂ ਗਮੀਆਂ ਦੇ ਮੌਕਿਆਂ ਨੂੰ ਸੰਪੂਰਨ ਕਰਨ ਲਈ ਕਈ ਰਸਮਾਂ ਅਦਾ ਕਰਨੀਆਂ ਪੈਂਦੀਆਂ ਹਨ। ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤੱਕ ਲੋਕ ਇਨ੍ਹਾਂ ਰਸਮਾਂ ਨੂੰ ਨਿਭਾ ਰਹੇ ਹਨ। ਇਹ ਰੀਤੀ ਰਿਵਾਜ, ਰਸਮਾਂ ਸਾਡੀ ਵਿਰਾਸਤ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੀਆਂ ਹਨ। ਭਾਵੇਂ ਅੱਜ ਇਹ ਉਹੀ ਹਨ, ਪਰ ਸਮੇਂ ਦੇ ਬਦਲਣ ਨਾਲ ਆਰਥਿਕ ਸਥਿਤੀ ਵਿੱਚ ਪਰਿਵਰਤਨ ਆਉਣ ਨਾਲ ਇਨ੍ਹਾਂ ਰੀਤੀ ਰਿਵਾਜਾਂ ਦੀ ਦਿੱਖ ਜਾਂ ਰੂਪ ਜ਼ਰੂਰ ਬਦਲ ਗਿਆ ਹੈ। ਗੱਲ ਵਿਆਹ ਤੋਂ ਸ਼ੁਰੂ ਕਰੀਏ ਤਾਂ ਇਹ ਸਮਾਜ ਦੀ ਅਹਿਮ ਰਸਮ ਹੈ, ਪਰ ਅੱਜ ਇਸ ਦੇ ਅਰਥ ਬਿਲਕੁਲ ਬਦਲ ਚੁੱਕੇ ਹਨ। ਆਰਥਿਕ ਹਾਲਤਾਂ ਵਿੱਚ ਪਰਿਵਰਤਨ ਅਤੇ ਸਿੱਖਿਆ ਦੇ ਪਸਾਰ ਕਾਰਨ ਸੋਚ 'ਚ ਬਹੁਤ ਤਬਦੀਲੀ ਆਈ ਹੈ। ਰਹਿਣ ਸਹਿਣ ਤੇ ਖਾਣ ਪਹਿਨਣ ਦੇ ਢੰਗ ਬਦਲ ਚੁੱਕੇ ਹਨ। ਵਿਆਹ ਪ੍ਰਤੀ ਦਿਨ ਮਹਿੰਗੇ ਹੋ ਰਹੇ ਹਨ। ਇਕ ਰਿਵਾਜ ਤੋਂ ਜ਼ਿਆਦਾ ਇਹ ਵਿਆਹ ਦਿਖਾਵੇ ਦੀ ਵਸਤੂ ਬਣ ਗਏ ਹਨ। ਅੱਜ ਓਨਾ ਖਰਚ ਵਿਆਹ ਤੋਂ ਪਹਿਲਾਂ ਹੋਣ ਵਾਲੇ ਸਮਾਰੋਹਾਂ 'ਤੇ ਆਉਂਦਾ ਹੈ, ਜਿੰਨਾ ਵਿਆਹ ਸਮੇਂ। ਅੱਜ ਜ਼ਿਆਦਾ ਖਰਚ ਕਰਨ ਨੂੰ ਸ਼ਾਨ ਸਮਝਿਆ ਜਾਣ ਲੱਗਾ ਹੈ।

ਦਿਖਾਵਾ ਇੰਨਾ ਭਾਰੂ ਹੋ ਗਿਆ ਹੈ ਕਿ ਲੋਕ ਆਪਣੀ ਆਮਦਨ ਤੋਂ ਬਾਹਰ ਹੋ ਕੇ ਖਰਚ ਕਰਦੇ ਹਨ। ਦਾਜ ਦੇਣਾ ਜਾਂ ਲੈਣਾ ਸ਼ਾਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਸਭ ਦਿਖਾਵੇ ਤੋਂ ਬਿਨਾਂ ਕੁਝ ਨਹੀਂ। ਦਿਖਾਵੇ ਦੇ ਦੌਰ 'ਚ ਸਕੂਨ ਘੱਟ ਅਤੇ ਸਿਰਦਰਦੀ ਜ਼ਿਆਦਾ ਵਧੀ ਹੈ। ਵਿਆਹ ਤੋਂ ਬਾਅਦ ਹੁੰਦੀਆਂ ਰਸਮਾਂ ਬੇਹੱਦ ਖਰਚੀਲੀਆਂ ਹੋ ਗਈਆਂ ਹਨ। ਮਿਲਣੀਆਂ, ਤੀਆਂ, ਕਰਵਾ ਚੌਥ, ਲੋਹੜੀ ਅਤੇ ਦੀਵਾਲੀ ਆਦਿ ਦੇ ਸੰਧਾਰੇ ਬੇਮੁਹਾਰੇ ਖਰਚ ਦੇ ਸਾਧਨ ਬਣ ਚੁੱਕੇ ਹਨ। ਅੱਜ ਇਨ੍ਹਾਂ ਰਿਵਾਜਾਂ ਦੀ ਆੜ 'ਚ ਦੇਖੋ ਦੇਖੀ ਖਰਚ ਕੀਤਾ ਜਾਂਦਾ ਹੈ। ਨੱਕ ਰੱਖਣ ਲਈ ਜਾਂ ਆਪਣੇ ਆਪ ਨੂੰ ਵੱਡਾ ਅਖਵਾਉਣ ਲਈ ਕੱਪੜਿਆਂ, ਗਹਿਣਿਆਂ ਅਤੇ ਹੋਰ ਵਸਤਾਂ 'ਤੇ ਖਰਚ ਕਰਨਾ ਜ਼ਰੂਰੀ ਸਮਝਿਆ ਜਾਣ ਲੱਗਾ ਹੈ। ਜਿੰਨਾ ਵੱਧ ਖਰਚ, ਓਨੀ ਹੀ ਵਡਿਆਈ, ਅੱਜ ਇਹ ਧਾਰਨਾ ਪ੍ਰਫੁੱਲਤ ਹੋ ਰਹੀ ਹੈ।

ਇਸ ਫੋਕੀ ਸ਼ੋਹਰਤ ਅਤੇ ਸ਼ੋਸ਼ੇਬਾਜ਼ੀ ਦੀ ਲਪੇਟ ਵਿੱਚ ਸਾਡੇ ਗਮੀ ਦੇ ਸੰਸਕਾਰ ਵੀ ਆ ਚੁੱਕੇ ਹਨ। ਇਕ ਦੂਜੇ ਦੀ ਰੀਸ ਤੇ ਵਿਖਾਵੇਬਾਜ਼ੀ ਕਰਨ ਮਰਗਤ ਦੇ ਭੋਗਾਂ 'ਤੇ ਵੀ ਇੰਨਾ ਖਰਚ ਕੀਤਾ ਜਾਂਦਾ ਹੈ, ਜਿਸ ਨਾਲ ਬਹੁਤ ਕੁਝ ਉਸਾਰੂ ਹੋ ਸਕਦਾ ਹੈ। ਜਿਉਂਦੇ ਬਜ਼ੁਰਗਾਂ ਨੂੰ ਕਦੇ ਫੋਕਾ ਪਾਣੀ ਨੀਂ ਪੁੱਛਿਆ ਹੁੰਦਾ, ਪਰ ਭੋਗਾਂ 'ਤੇ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਹੁੰਦਾ ਹੈ। ਫੋਕੀ ਪੈਂਠ ਸਥਾਪਤ ਕਰਨ ਲਈ ਅੱਜ ਕੱਲ੍ਹ ਸਿਆਸੀ ਨੇਤਾਵਾਂ ਨੂੰ ਸੱਦਣਾ ਵੀ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਦਾਹ ਸਸਕਾਰ ਤੋਂ ਲੈ ਕੇ ਭੋਗ ਤੱਕ ਕਈ ਰਸਮਾਂ ਹੁੰਦੀਆਂ ਹਨ। ਲੋਕ ਵੱਖ-ਵੱਖ ਵਾਹਨਾਂ 'ਚ ਸਵਾਰ ਹੋ ਕੇ ਇਨ੍ਹਾਂ ਰਸਮਾਂ ਨੂੰ ਨਿਭਾਉਣ ਜਾਂਦੇ ਹਨ। ਜਿਥੇ ਚਾਰ ਬੰਦਿਆਂ ਨਾਲ ਸਰ ਸਕਦੈ, ਉਥੇ ਦਸ ਬੰਦੇ ਆਪਣਾ ਕੰਮ ਛੱਡਦੇ ਹਨ। ਇਸ ਸਭ 'ਚ ਜਿਥੇ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ, ਉਥੇ ਸੜਕਾਂ 'ਤੇ ਵੀ ਭੀੜ ਵਧਦੀ ਹੈ, ਜਿਸ ਨਾਲ ਹਾਦਸੇ ਵਾਪਰਦੇ ਹਨ।

ਇਕ ਨਵਾਂ ਰਿਵਾਜ ਪੈਦਾ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਸੇਵਾਮੁਕਤੀ ਸਮੇਂ ਵੱਡੇ ਪੱਧਰ 'ਤੇ ਸਮਾਗਮ ਕੀਤੇ ਜਾਣ ਲੱਗੇ ਹਨ। ਸੇਵਾਮੁਕਤੀ ਦੇ ਸਮਾਰੋਹ ਆਮ ਤੌਰ 'ਤੇ ਹੋਟਲਾਂ ਅਤੇ ਮੈਰਿਜ ਪੈਲੇਸਾਂ 'ਚ ਹੁੰਦੇ ਹਨ, ਇਹ ਕਿਸੇ ਚੰਗੇ ਵਿਆਹ ਤੋਂ ਘੱਟ ਨਹੀਂ ਲੱਗਦੇ। ਮਿੱਤਰਾਂ ਤੇ ਰਿਸ਼ਤੇਦਾਰਾਂ ਵੱਲੋਂ ਖੂਬ ਤੋਹਫੇਬਾਜ਼ੀ ਹੁੰਦੀ ਹੈ। ਸ਼ਰਾਬ ਕਬਾਬ ਦੇ ਨਾਲ-ਨਾਲ ਗਾਉਣ ਵਜਾਉਣ ਦਾ ਪ੍ਰਬੰਧ ਵੀ ਉਚੇਚੇ ਤੌਰ 'ਤੇ ਹੁੰਦਾ ਹੈ।

ਇਹ ਰਸਮਾਂ ਰਿਵਾਜ ਗੈਰ ਜ਼ਰੂਰੀ ਚਿੰਤਾਵਾਂ ਦਾ ਕਾਰਨ ਬਣ ਰਹੇ ਹਨ ਅਤੇ ਬੇਲੋੜੇ ਦਿਖਾਵੇ ਦੀ ਭੇਟ ਚੜ੍ਹ ਰਹੇ ਹਨ। ਨਾਲ ਇਹ ਵੀ ਵੇਖਣ 'ਚ ਆ ਰਿਹਾ ਹੈ ਕਿ ਜਿੰਨਾ ਵਧੇਰੇ ਪੈਸਾ ਜ਼ਿੰਦਗੀ ਉੱਤੇ ਭਾਰੂ ਹੋ ਰਿਹਾ ਹੈ, ਓਨਾ ਹੀ ਸਮਾਜ ਦਿਨ ਪ੍ਰਤੀ ਦਿਨ ਤਿੜਕ ਰਿਹਾ ਹੈ। ਅੱਜ ਤਲਾਕ ਦੇ ਕੇਸ, ਘਰੇਲੂ ਉਲਝਣਾਂ ਤੇ ਘਰੇਲੂ ਹਿੰਸਾ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਵਿਆਹ ਸਮੇਂ ਪੈਸੇ ਦੇ ਵਿਖਾਵੇ ਦੀ ਆੜ 'ਚ ਵਿਚਾਰਾਂ ਦਾ ਮੇਲ ਜ਼ਰੂਰੀ ਨਾ ਮੰਨ ਕੇ ਪਹਿਲ ਨਹੀਂ ਦਿੱਤੀ ਜਾਂਦੀ। ਲੋਕ ਪੈਸੇ ਅਤੇ ਸੁੱਖ ਸਹੂਲਤਾਂ ਪੱਖੋਂ ਆਧੁਨਿਕ ਹੋ ਗਏ ਹਨ, ਪਰ ਸੌੜੀ ਮਾਨਸਿਕਤਾ ਤੋਂ ਮੁਕਤ ਨਹੀਂ ਹੋ ਸਕੇ। ਇਸ ਕਰਕੇ ਅੱਜ ਵੀ ਕਈ ਪਰਵਾਰਾਂ 'ਚ ਪੜ੍ਹਾਈ 'ਤੇ ਪੈਸੇ ਖਰਚਣ ਨਾਲੋਂ ਵਿਆਹ ਉਤੇ ਵਧੇਰੇ ਪੈਸਾ ਖਰਚਣ ਦੀ ਸੋਚ ਭਾਰੂ ਹੈ।

ਸਮਾਗਮਾਂ 'ਤੇ ਖਰਚ ਕੀਤਾ ਜਾਣ ਵਾਲਾ ਪੈਸਾ ਜੇ ਅੱਧਾ ਵੀ ਧੀ ਪੁੱਤਾਂ ਦੀ ਸਿੱਖਿਆ 'ਤੇ ਖਰਚ ਕਰ ਦਿੱਤਾ ਜਾਵੇ ਤਾਂ ਉਹ ਸਵੈ ਵਿਸ਼ਵਾਸ ਅਤੇ ਆਪਣੇ ਬਲਬੂਤੇ ਘੱਟੋ-ਘੱਟ ਜ਼ਮਾਨੇ ਨਾਲ ਤਾਂ ਚੱਲ ਸਕਣਗੇ। ਉਚੀ ਸੋਚ ਨਾਲ ਸਮਾਜ 'ਚ ਵੀ ਉਸਾਰੂ ਯੋਗਦਾਨ ਪਾ ਸਕਣਗੇ। ਇਸ ਨਾਲ ਪਿੱਤਰਸੱਤਾ, ਭਰੂਣ ਹੱਤਿਆ ਤੇ ਦਾਜ ਕਾਰਨ ਹੱਤਿਆਵਾਂ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਠੱਲ੍ਹ ਪਵੇਗੀ। ਵਿਆਹ ਸਮੇਂ ਹੁੰਦੇ ਦਿਖਾਵੇ, ਫੋਕੀ ਸ਼ੋਸ਼ੇਬਾਜ਼ੀ ਤੋਂ ਮੁਕਤੀ ਲਈ ਅਜੋਕਾ ਪੜ੍ਹਿਆ ਲਿਖਿਆ ਨੌਜਵਾਨ ਵਰਗ ਸਾਰਥਕ ਭੂਮਿਕਾ ਨਿਭਾ ਸਕਦਾ ਹੈ ਬਸ਼ਰਤੇ ਕਿ ਇਹ ਵਰਗ ਉਚੀ ਸੋਚ ਅਤੇ ਵਿਚਾਰਾਂ ਦਾ ਹਾਣੀ ਹੋਵੇ।

ਅੰਤ 'ਚ ਇਹੀ ਆਖਿਆ ਜਾ ਸਕਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਰੀਤਾਂ ਰਸਮਾਂ ਨੂੰ ਵਿਖਾਵੇ ਦੀ ਭੇਟ ਚੜ੍ਹਾਉਣ ਵਾਲਾ ਸਾਡਾ ਸਮਾਜ ਹੀ ਹੈ ਅਤੇ ਨਵੀਆਂ ਰੀਤੀ ਰਸਮਾਂ, ਰਿਵਾਜਾਂ ਦੀ ਸ਼ੁਰੂਆਤ ਕਰਨ ਵਾਲਾ ਵੀ ਸਮਾਜ ਹੀ ਹੈ, ਪਰ ਅੱਜ ਇਸ ਦਿਖਾਵੇ, ਸ਼ੋਸ਼ੇਬਾਜ਼ੀ ਅਤੇ ਅਖੌਤੀ ਸ਼ੋਹਰਤ ਤੋਂ ਨਿਜਾਤ ਪਾਉਣ ਦੀ ਜ਼ਰੂਰਤ ਵੀ ਇਸ ਸਮਾਜ ਨੂੰ ਹੀ ਹੈ। ਅੱਜ ਹਰ ਇਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਰੀਤੀ ਰਿਵਾਜਾਂ, ਸੰਸਕਾਰਾਂ, ਰਸਮਾਂ ਉਤੇ ਨਿਯੰਤਰਣ ਪਾਉਣ ਲਈ ਬਣਦਾ ਯੋਗਦਾਨ ਪਾਵੇ।

---

# ਮਿੰਨੀ ਕਹਾਣੀਆਂ

## ਰੋਟੀ ਕੰਜਕਾਂ ਦੀ

-ਰਣਜੀਤ ਆਜ਼ਾਦ ਕਾਂਝਲਾ

ਉਹ ਇੱਕ ਡੋਲੂ ਅਤੇ ਕੁਝ ਹੋਰ ਸਮਾਨ ਨਾਲ ਡਿਸਪੋਜ਼ੇਬਲ ਪਲੇਟਾਂ-ਡੂਨੇ ਲੈ ਕੇ ਬਸ ਵਿੱਚ ਜਾ ਬੈਠੀ।

''ਮੈਡਮ ਜੀ ਅੱਜ ਕਿਵੇਂ ਡੋਲੂ ਚੁੱਕਿਐ ਅਤੇ ਇਹ ਹੋਰ...?'' ਹਰ ਰੋਜ਼ ਅਗਲੇ ਸਕੂਲ ਜਾਣ ਵਾਲੀ ਮੈਡਮ ਨੇ ਸੁਭਾਵਕ ਹੀ ਪੁੱਛਿਆ।

''ਕੀ ਦੱਸਾਂ ਭੈਣ ਜੀ! ਰਾਤੀਂ ਆਪਣੇ ਮੁਹੱਲੇ ਵਿੱਚ ਨਜ਼ਰ ਦੌੜਾਈ ਤਾਂ ਸਿਰਫ ਚਾਰ ਕੰਜਕਾਂ ਮੇਰੀ ਨਜ਼ਰ ਚੜ੍ਹੀਆਂ। ਬਥੇਰਾ ਦਿਮਾਗ 'ਤੇ ਬੋਝ ਪਾ ਕੇ ਕਈ ਵਾਰ ਵਿਚਾਰਿਆ, ਪਰ ਚਾਰ ਕੰਜਕਾਂ ਤੋਂ ਅੱਗੇ ਗਿਣਤੀ ਨਾ ਵਧੀ। ਤੁਹਾਨੂੰ ਪਤਾ ਹੀ ਏ ਅੱਜ ਮਾਤਾ ਦਾ ਅੱਠਵਾਂ ਨਰਾਤਾ ਹੈ। ਅਸ਼ਟਮੀ ਪੂਜਨ ਕਰਨ ਲਈ ਘੱਟੋ-ਘੱਟ ਪੰਜ-ਸੱਤ ਕੰਜਕਾਂ ਨੂੰ ਭੋਜਨ ਕਰਾਉਣ ਦੀ ਮਨ ਵਿੱਚ ਇੱਛਾ ਧਾਰੀ ਹੋਈ ਸੀ ਬਹੁਤ ਦੇਰ ਤੋਂ, ਪਰ ਮੁਹੱਲੇ ਵਿੱਚ ਤਾਂ ਸਿਰਫ ਚਾਰ ਕੁੜੀਆਂ ਹੀ ਮੇਰੀ ਨਜ਼ਰ 'ਚ ਚੜ੍ਹੀਆਂ ਨੇ। ਮੇਰੇ ਘਰ ਵਾਲੇ ਨੇ ਸਲਾਹ ਦਿੱਤੀ ਕਿ ਇਹ ਤਿਆਰ ਕੀਤਾ ਭੋਜਨ ਸਕੂਲ 'ਚ ਲੈ ਜਾ, ਉਥੇ ਸਕੂਲ ਵਿੱਚੋਂ ਸੱਤ ਕੰਜਕਾਂ ਨੂੰ ਅੱਧੀ ਛੁੱਟੀ ਸਮੇਂ ਇੱਕ ਕਮਰੇ ਵਿੱਚ ਬਿਠਾ ਕੇ ਖਵਾ ਦੇਣਾ। ਤੇਰੇ ਮਨ ਦੀ ਇੱਛਾ ਪੂਰੀ ਹੋ ਜਾਵੇਗੀ। ਮੈਂ ਤਾਂ ਹੀਂ ਸਭ ਕੁਝ ਨਾਲ ਲੈ ਆਈ ਹਾਂ। ਆਪਣੀ ਜਮਾਤ ਦੀਆਂ ਸੱਤ ਕੁੜੀਆਂ (ਕੰਜਕਾਂ) ਨੂੰ ਭੋਜਨ ਖਵਾ ਦੇਵਾਂਗੀ।''

ਮੈਡਮ ਦਾ ਸਕੂਲ ਆ ਗਿਆ ਅਤੇ ਉਹ ਬਸ ਤੋਂ ਉਤਰ ਸਕੂਲ ਵੱਲ ਕਾਹਲੀ ਕਾਹਲੀ ਕਦਮ ਪੁੱਟਦੀ ਜਾ ਰਹੀ ਸੀ ਜਿਵੇਂ ਉਸ ਨੇ ਕੋਈ ਬਹੁਤ ਵੱਡੀ ਜੰਗ ਜਿੱਤ ਲਈ ਹੋਵੇ।

## ਘਾਟ

-ਵਰਿੰਦਰ ਆਜ਼ਾਦ

''ਬੱਚੇ 'ਚ ਪਰਮਾਤਮਾ ਨੇ ਕੋਈ ਨਾ ਕੋਈ ਘਾਟ ਜ਼ਰੂਰ ਰੱਖੀ ਹੁੰਦੀ ਹੈ।''

''ਕਿਉਂ?'' ਪਹਿਲੇ ਦੋਸਤ ਨੇ ਦੂਜੇ ਦੋਸਤ ਨੂੰ ਸਵਾਲ ਕੀਤਾ।

''ਕਿਉਂਕਿ ਇਸ ਘਾਟ ਨਾਲ ਬੰਦੇ 'ਚ ਹੰਕਾਰ ਨਹੀਂ ਆਉਂਦਾ ਅਤੇ ਉਹ ਆਪਣੇ ਆਪ ਨੂੰ ਰੱਬ ਨਹੀਂ ਸਮਝ ਸਕਦਾ।'' ਪਹਿਲੇ ਦੋਸਤ ਨੇ ਦੂਜੇ ਦੋਸਤ ਦੇ ਸਵਾਲ ਦਾ ਜਵਾਬ ਦਿੱਤਾ।

''ਤੇਰੀ ਇਸ ਗੱਲ ਨਾਲ ਮੈਂ ਬਿਲਕੁਲ ਵੀ ਸਹਿਮਤ ਨਹੀਂ।'' ਦੂਜੇ ਦੋਸਤ ਨੇ ਫਿਰ ਆਪਣੀ ਗੱਲ ਕਹੀ।

''ਤੇਰੇ ਇਸ ਯਕੀਨ ਰੱਖਣ ਜਾਂ ਨਾ ਰੱਖਣ ਨਾਲ ਕੀ ਫਰਕ ਪੈਂਦੈ। ਸੱਚਾਈ ਤਾਂ ਅਟੱਲ ਹੈ। ਕੁਦਰਤ ਦੇ ਬਣਾਏ ਨਿਯਮ ਬਿਲਕੁਲ ਠੀਕ ਹੁੰਦੇ ਹਨ।''

''...ਪਰ ਮੇਰੇ 'ਚ ਕੋਈ ਘਾਟ ਨਹੀਂ।'' ਦੂਜੇ ਦੋਸਤ ਨੇ ਬੜੇ ਫਖਰ ਨਾਲ ਇਹ ਲਫਜ਼ ਕਹੇ।

''ਬੱਸ ਤੇਰੇ 'ਚ ਇਹੀ ਘਾਟ ਏ।'' ਪਹਿਲੇ ਦੋਸਤ ਨੇ ਦੂਜੇ ਦੋਸਤ ਨੂੰ ਕਿਹਾ।

## ਸਿੱਖ ਦੀ ਧੀ

-ਸਵਰਨਦੀਪ ਸਿੰਘ ਨੂਰ

'ਸਿੱਖ ਧਰਮ ਦੀਆਂ ਮਹਾਨ ਔਰਤਾਂ' ਸਿਰਲੇਖ ਹੇਠ ਅਖਬਾਰ ਵਿੱਚ ਛਪੇ ਮੇਰੇ ਲੇਖ ਦੀ ਪ੍ਰਸ਼ੰਸਾ ਵਿੱਚ ਸਵੇਰ ਤੋਂ ਹੀ ਫੋਨ ਆਉਣੇ ਸ਼ੁਰੂ ਹੋ ਗਏ। ਤਕਰੀਬਨ ਸਾਰੇ ਫੋਨ ਲੇਖ ਦੀ ਪ੍ਰਸ਼ੰਸਾ ਵਿੱਚ ਸਨ। ਪਾਠਕਾਂ ਵੱਲੋਂ ਆਏ ਫੋਨ ਸੁਣ ਕੇ ਮਨ ਨੂੰ ਤਸੱਲੀ ਹੋਈ ਕਿ ਮੇਰਾ ਲਿਖਿਆ ਸਫਲ ਹੋ ਗਿਆ। ਬਹੁਤ ਵੱਡਾ ਹੁੰਗਾਰਾ ਦਿੱਤਾ ਹੈ ਪਾਠਕਾਂ ਨੇ ਇਸ ਲੇਖ ਨੂੰ। ਦੁਪਹਿਰੇ ਢਾਈ ਕੁ ਵਜੇ ਮੇਰੇ ਮਫੋਨ 'ਤੇ ਇੱਕ ਮਿਸ ਕਾਲ ਆਈ। ਕੁਝ ਦੇਰ ਉਡੀਕਣ ਮਗਰੋਂ ਮੈਂ ਖੁਦ ਹੀ ਕਾਲ ਬੈਕ ਕੀਤੀ।

ਦੂਜੇ ਪਾਸਿਓਂ ਇੱਕ ਔਰਤ ਦੀ ਆਵਾਜ਼ ਸੁਣਾਈ ਦਿੱਤੀ, ''ਮੁਆਫ ਕਰੀਂ ਵੀਰੇ, ਮੇਰੇ ਫੋਨ ਵਿੱਚ ਪੈਸੇ ਨਹੀਂ ਸਨ, ਇਸ ਲਈ ਮਿਸ ਕਾਲ ਦਿੱਤੀ। ਤੁਹਾਡਾ ਲੇਖ ਪੜ੍ਹ ਕੇ ਦਿਲ ਕੀਤਾ ਕਿ ਗੱਲ ਕਰਾਂ।'' ਉਹ ਬੀਬੀ ਥੋੜ੍ਹਾ ਰੁਕ-ਰੁਕ ਕੇ ਬੋਲ ਰਹੀ ਸੀ।

''ਕੋਈ ਨਹੀਂ ਭੈਣ ਜੀ ਕਰੋ ਗੱਲ ਤੁਸੀਂ।''

''ਵੀਰ ਜੀ ਕੱਲ੍ਹ ਅਖਬਾਰ ਵਿੱਚ ਤੁਹਾਡਾ ਲੇਖ ਪੜ੍ਹਿਆ ਸੀ। ਤੁਹਾਡੇ ਇਸ ਲੇਖ ਨੇ ਮੇਰੀ ਜਾਨ ਬਚਾ ਲਈ ਹੈ।''

''ਕੀ ਗੱਲ ਹੋਈ ਭੈਣ ਜੀ? ਤੁਸੀਂ ਏਨੇ ਮਾਯੂਸ ਕਿਉਂ ਹੋ?'' ਮੈਂ ਪੁੱਛਿਆ।

''ਵੀਰੇ ਮੇਰਾ ਜਨਮ ਇੱਕ ਸਿੱਖ ਪਰਵਾਰ ਦਾ ਹੈ ਅਤੇ ਮੇਰੇ ਸਹੁਰੇ ਪਰਵਾਰ ਵਾਲੇ ਵੀ ਸਿੱਖ ਨੇ। ਮੇਰਾ ਪਤੀ ਇਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੈ। ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਇਨ੍ਹਾਂ ਸਾਰਿਆਂ ਨੇ ਮੇਰੇ ਨਾਲ ਕਲੇਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਦਾਜ ਘੱਟ ਲਿਆਈ ਐਂ। ਰੋਜ਼ ਮੇਰੇ ਨਾਲ ਕੁੱਤੇ ਖਾਣੀ ਹੁੰਦੀ ਹੈ। ਦਾਜ ਦੇ ਨਾਂਅ ਤੇ ਸੱਸ ਅਤੇ ਨਨਾਣ ਹਰ ਵੇਲੇ ਮੈਨੂੰ ਦੁਖੀ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ ਨੇ।'' ਬੀਬੀ ਫੋਨ ਤੇ ਰੋਣ ਲੱਗ ਪਈ।

''ਭੈਣ ਜੀ ਸੰਭਾਲੋ ਆਪਣੇ ਆਪ ਨੂੰ। ਇੰਝ ਮਨ ਦੁਖੀ ਨਾ ਕਰੋ।'' ਮੈਂ ਦਿਲਾਸਾ ਦਿੰਦਿਆਂ ਕਿਹਾ।

''ਪ੍ਰਮਾਤਮਾ ਦੀ ਕਰਨੀ ਕਿ ਵਿਆਹ ਤੋਂ ਪੰਜ ਸਾਲ ਬਾਅਦ ਮੇਰੀ ਗੋਦ ਹਰੀ ਨਹੀਂ ਹੋਈ। ਮੇਰਾ ਪਤੀ ਅਤੇ ਸੱਸ ਆਖਦੇ ਨੇ ਮੈਂ ਮਨਹੂਸ ਕਿੱਥੋਂ ਇਨ੍ਹਾਂ ਦੇ ਘਰ ਆ ਗਈ। ਪਤੀ ਹੱਥੋਂ ਸੱਟਾਂ ਖਾ ਖਾ ਕੇ ਮੇਰਾ ਅੰਗ-ਅੰਗ ਟੁੱਟਿਆ ਪਿਐ। ਹੁਣ ਤਾਂ ਰੋਜ਼ ਮਿਲ ਕੇ ਮੈਨੂੰ ਜਾਨ ਤੋਂ ਮਾਰਨ ਦੀਆਂ ਸਕੀਮਾਂ ਘੜਦੇ ਰਹਿੰਦੇ ਨੇ।''

''ਤੂੰ ਆਪਣੇ ਮਾਂ-ਬਾਪ ਨੂੰ ਕੁਝ ਨਹੀਂ ਦੱਸਿਆ ਇਹਦੇ ਬਾਰੇ?'' ਮੈਂ ਉਸ ਨੂੰ ਸਵਾਲ ਕੀਤਾ।

''ਮਾਂ ਬਾਪ ਨੂੰ ਕੁਝ ਦਸਦੀ ਹਾਂ ਤਾਂ ਉਹ ਅੱਗੋਂ ਆਖਦੇ ਨੇ, ਤਿੰਨ ਤੇਰੀਆਂ ਭੈਣਾਂ ਅਜੇ ਹੋਰ ਘਰ ਬੈਠੀਆਂ ਨੇ। ਵਾਹਿਗੁਰੂ ਆਪੇ ਸਾਰਾ ਕੁਝ ਠੀਕ ਕਰੂ। ਤੂੰ ਸਬਰ ਨਾਲ ਦਿਨ ਕੱਢ। ਮੈਂ ਦੁਖਿਆਰੀ ਸੋਚਦੀ ਰਹਿੰਦੀ ਸੀ ਕੀ ਕਰਾਂ ਕਿਸ ਨੂੰ ਜਾ ਕੇ ਆਪਣਾ ਹਾਲ ਦੱਸਾਂ।''

ਇਨ੍ਹਾਂ ਅਣਕਿਆਸੇ ਸਵਾਲਾਂ ਦਾ ਜਵਾਬ ਦੇਣ ਲਈ ਮੈਂ ਆਪਣੇ ਮਨ ਵਿੱਚ ਸ਼ਬਦ ਇਕੱਠੇ ਕਰਨ ਲੱਗ ਪਿਆ, ਪਰ ਸ਼ਬਦਾਂ ਦੀ ਤੰਦ ਮੇਰੇ ਹੱਥ ਆਉਣ ਤੋਂ ਪਹਿਲਾਂ ਹੀ ਟੁੱਟ ਜਾਂਦੀ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਬੀਬੀ ਫਿਰ ਬੋਲੀ, 'ਵੀਰ ਜੀ ਤੁਹਾਡੇ ਲੇਖ ਨੇ ਮੇਰੀ ਸੁੱਤੀ ਆਤਮਾ ਨੂੰ ਜਗਾ ਦਿੱਤੈ। ਹੁਣ ਮੈਂ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝਾਂਗੀ। ਮੈਂ ਵੀ ਗੁਰੂ ਦੀ ਸਿੰਘਣੀ ਹਾਂ। ਗੁਰੂ ਸਾਹਿਬ ਨੇ ਸਾਨੂੰ ਦੱਸਿਆ ਹੈ ਕਿ ਜ਼ੁਲਮ ਕਰਨਾ ਅਤੇ ਜ਼ੁਲਮ ਸਹਿਣਾ ਦੋਵੇਂ ਹੀ ਪਾਪ ਨੇ।''

''ਸ਼ਾਬਾਸ਼ ਮੇਰੀਏ ਭੈਣੇ, ਜਿਊਂਦੀ ਰਹਿ।'' ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

''ਮੈਂ ਆਪਣੇ ਪਤੀ ਤੇ ਸੱਸ ਨੂੰ ਪਹਿਲਾਂ ਪਿਆਰ ਨਾਲ ਸਮਝਾਵਾਂਗੀ ਕਿ ਮੇਰੇ ਨਾਲ ਗਲਤ ਸਲੂਕ ਨਾ ਕਰਨ, ਮੈਨੂੰ ਬੇਵਜ੍ਹਾ ਤੰਗ ਨਾ ਕਰਨ। ਮੈਂ ਵੀ ਇਸ ਘਰ ਦੀ ਜੀਅ ਹਾਂ। ਆਪਣੇ ਮਾਪਿਆਂ ਨੂੰ ਛੱਡ ਕੇ ਤੁਹਾਡੇ ਘਰ ਆਈ ਹਾਂ, ਪਰ ਜੇ ਫਿਰ ਵੀ ਨਾ ਸਮਝੇ ਤਾਂ ਫਿਰ ਮੈਂ ਮਾਈ ਭਾਗੋ ਬਣ ਕੇ ਵਿਖਾਵਾਂਗੀ ਮਾਈ ਭਾਗੋ।'' ਤੇ ਫੋਨ ਕੱਟਿਆ ਗਿਆ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਰੰਟੀ
For Professional Duct Cleaning Services
Call Air Frais Duct Cleaning at:
905-867-9000

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਬਾਦਲ ਦਲ ਦੇ ਮੁਖੀਆਂ ਦਾ ਪੀੜਤਾਂ ਪ੍ਰਤੀ ਹੇਜ?



ਜਸਵੰਤ ਸਿੰਘ 'ਅਜੀਤ'
91 95 82 71 98 90

ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁਖੀਆਂ ਨੇ ਫੈਸਲਾ ਕੀਤਾ ਹੈ ਕਿ 'ਇਸ ਵਾਰ' ਉਹ ਨਵੰਬਰ-84 ਵਿੱਚ ਦਿੱਲੀ ਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਹੋਏ ਸਿੱਖ ਕਤਲ-ਏ-ਆਮ ਦੇ ਪੀੜਤ ਪਰਿਵਾਰਾਂ ਨੂੰ ਅਜੇ ਤਕ ਇਨਸਾਫ ਨਾ ਮਿਲ ਪਾਣ ਦੇ ਵਿਰੁੱਧ ਅਕਾਲੀ ਦਲ ਵਲੋਂ ਪਹਿਲੀ (1) ਨਵੰਬਰ ਨੂੰ ਇਤਿਹਾਸਕ ਤਖਤ ਸਾਹਿਬਾਨ ਪੁਰ ਅਰਦਾਸ ਸਮਾਗਮ ਦਾ ਅਯੋਜਨ ਕੀਤਾ ਜਾਇਗਾ ਅਤੇ ਉਸਤੋਂ ਬਾਅਦ ਤਿੰਨ ਨਵੰਬਰ ਨੂੰ ਸਵੇਰੇ ਗਿਆਰ੍ਹਾਂ ਵਜੇ ਤੋਂ ਦੁਪਹਿਰ ਬਾਅਦ ਦੋ ਵਜੇ ਤਕ (ਅਰਥਾਤ ਤਿੰਨ ਘੰਟਿਆਂ ਲਈ) ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਧਰਨਾ ਦਿੱਤਾ ਜਾਇਗਾ। ਜਿਸਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਕਰਨਗੇ। ਇਸ ਧਰਨੇ ਵਿੱਚ ਅਕਾਲੀ ਦਲ ਦੇ ਸਾਰੇ ਵਿੰਗਾਂ ਦੇ ਅਹੁਦੇਦਾਰਾਂ ਸਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ਼ਾਮਲ ਹੋਣਗੇ। (ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ ਦਿੱਲੀ ਗੁਰਦੁਅਰਾ ਕਮੇਟੀ ਵੀ ਇਸ ਧਰਨੇ ਵਿੱਚ ਸ਼ਾਮਲ ਹੋਵੇਗੀ)। ਹੈਰਾਨੀ ਦੀ ਗਲ ਤਾਂ ਇਹ ਹੈ ਕਿ ਬੀਤੇ 34 ਵਰ੍ਹਿਆਂ ਤੋਂ ਕੇਵਲ ਚੋਣਾਂ, ਭਾਵੇਂ ਉਹ ਲੋਕਸਭਾ ਦੀਆਂ ਹੋਣ ਜਾਂ ਪੰਜਾਬ ਤੇ ਦਿੱਲੀ ਵਿਧਾਨ ਸਭਾ ਦੀਆਂ ਜਾਂ ਫਿਰ ਦਿੱਲੀ ਨਗਰ ਬਿਗਮ ਦੀਆਂ, ਦੇ ਸਮੇਂ ਹੀ ਆਪਣੇ ਅਤੇ ਭਾਈਵਾਲ ਪਾਰਟੀ ਭਾਜਪਾ ਸਹਿਤ, ਨਵੰਬਰ-84 ਦੇ ਪੀੜਤਾਂ ਦਾ ਰਾਜਨੀਤਿਕ ਅਤੇ ਭਾਵਨਾਤਮਕ ਸ਼ੋਸ਼ਣ ਕਰਦੇ ਚਲੇ ਆ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਇਸ ਵਾਰ ਚੋਣਾਂ ਤੋਂ ਪਹਿਲਾਂ ਹੀ, ਉਸ ਸਮੇਂ ਨਵੰਬਰ-84 ਦੇ ਸਿੱਖ ਕਤਲ-ਏ-ਆਮ ਵਿੱਚ ਮਾਰੇ ਗਏ ਸਿੱਖਾਂ ਦੀ ਯਾਦ ਵਿੱਚ 'ਅਰਦਾਸ' ਕਰਨ ਅਤੇ ਪੀੜਤਾਂ ਨੂੰ ਇਨਸਾਫ ਨਾ ਮਿਲ ਪਾਣ ਵਿਰੁਧ, ਧਰਨਾ ਦੇਣ ਦੀ ਯਾਦ ਆ ਗਈ, ਜਦੋਂ ਕਿ ਉਹ ਸੱਤਾ ਦੀਆਂ ਕੁਰਸੀਆਂ ਤੋਂ ਲਾਂਭੇ ਹੋ ਸੜਕਾਂ ਤੇ ਆ ਚੁਕੇ ਹਨ ਤੇ ਉਨ੍ਹਾਂ ਦੀ ਕਿਸ਼ਤੀ ਮੰਝਧਾਰ ਵਿੱਚ ਫਸੀ ਡਗਮਗਾ ਰਹੀ ਹੈ। ਇਸਦੇ ਨਾਲ ਹੀ ਦਿਲਚਸਪ ਗਲ ਇਹ ਵੀ ਹੈ ਕਿ ਇਹ ਧਰਨਾ ਇੱਕ ਤਰ੍ਹਾਂ ਨਾਲ ਉਸ ਸਰਕਾਰ, ਵਿਰੁਧ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪ ਭਾਈਵਾਲ ਹੈ ਅਤੇ ਉਸ ਵਿੱਚ ਬਾਦਲ ਪਰਿਵਾਰ ਦੀ ਇੱਕ ਸਨਮਾਨਤ ਮੈਂਬਰ, ਬੀਬਾ ਹਰਸਿਮਰਤ ਕੌਰ ਮੰਤ੍ਰੀ ਮੰਡਲ ਵਿੱਚ ਸ਼ਾਮਲ ਹੈ। ਸਿੱਖ ਰਾਜਨੀਤਕਾਂ ਦਾ ਮੰਨਣਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸੱਚਮੁਚ ਨਵੰਬਰ-84 ਦੇ ਸਿੱਖ ਕਤਲ-ਏ-ਆਮ ਦੇ ਪੀੜਤਾਂ ਨੂੰ ਇਨਸਾਫ ਨਾ ਮਿਲ ਪਾਣ ਪ੍ਰਤੀ ਦੁਖੀ ਅਤੇ ਗੰਭੀਰ ਹਨ ਤਾਂ ਬੀਬਾ ਹਰਸਿਮਰਤ ਕੌਰ ਨੂੰ ਕੇਂਦ੍ਰੀ ਮੰਤਰੀ ਮੰਡਲ ਵਿਚੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ, ਧਰਨੇ ਦੀ ਅਗਵਾਈ ਕਰ ਰਹੇ ਸੀਨੀਅਰ ਅਤੇ ਜੂਨੀਅਰ ਬਾਦਲ ਦੇ ਨਾਲ ਆ ਸ਼ਾਮਲ ਹੋਣਾ ਚਾਹੀਦਾ ਹੈ। ਉਹ ਰਾਜਨੀਤਕ ਇਹ ਵੀ ਕਹਿੰਦੇ ਹਨ ਕਿ ਇਹ ਅਸਤੀਫਾ ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਧੰਨਾ ਸਿੰਘ ਗੁਲਸ਼ਨ ਦੇ ਉਸ ਅਸਤੀਫੇ ਵਰਗਾ ਨਹੀਂ ਹੋਣਾ ਚਾਹੀਦਾ, ਜਿਵੇਂ ਦਾ ਅਸਤੀਫੇ ਦੇਣ ਦਾ ਐਲਾਨ, ਉਨ੍ਹਾਂ ਗੁਰਦੁਆਰਾ ਬੰਗਲਾ ਸਾਹਿਬ ਵਿੱਖੇ, ਅੰਮ੍ਰਿਤਸਰ, ਦਿੱਲੀ ਅਤੇ ਕਾਨਪੁਰ ਵਿਖੇ ਵਾਪਰੇ ਨਿਰੰਕਾਰੀ ਕਾਂਡ ਵਿੱਚ ਹੋਏ ਸ਼ਹੀਦਾਂ ਦੀ ਯਾਦ ਵਿੱਚ ਹੋ ਰਹੇ ਸਮਾਗਮ ਵਿੱਚ ਪੁਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਕਰ, ਆਪਣੇ ਹਕ ਵਿੱਚ ਜੈਕਾਰੇ ਲਗਵਾਏ ਅਤੇ ਸਮਾਗਮ ਤੋਂ ਬਾਅਦ ਵਾਪਸ ਜਾ, ਉਨ੍ਹਾਂ ਹੀ ਕੁਰਸੀਆਂ ਪੁਰ ਬਿਰਾਜਮਾਨ ਹੋ ਗਏ, ਜਿਨ੍ਹਾਂ ਤੋਂ ਅਸਤੀਫਾ ਦੇ ਕੇ ਆਉਣ ਦਾ ਐਲਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਕਰ ਆਪਣੇ ਹਕ ਵਿੱਚ ਜੈਕਾਰੇ ਲਵਾਏ ਸਨ। ਅਕਾਲੀ ਰਾਜਨੀਤੀ ਦੇ ਕਈ ਜਾਣਕਾਰਾਂ ਨੇ ਇਹ ਵੀ ਦਸਿਆਂ ਕਿ ਅਜ ਨਵੰਬਰ-84 ਦੇ ਪੀੜਤਾਂ ਪ੍ਰਤੀ ਹੇਜ ਜਤਾਅ ਕੇ 'ਅਥਰੂ' ਵਹਾਣ ਵਾਲੇ ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਸੁਖਬੀਰ ਸਿੰਘ ਬਾਦਲ ਨੇ ਆਪਣੇ ਸੱਤਾ-ਕਾਲ ਦੌਰਾਨ, ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਲ ਦੌਰਾਨ ਕੇਂਦਰੀ ਸਰਕਾਰ ਵਲੋਂ ਪੀੜਤਾਂ ਦੀ ਮਦਦ ਲਈ ਜੋ ਰਕਮ ਪੰਜਾਬ ਭਿਜਵਾਈ ਗਈ ਸੀ, ਉਹ ਵੀ ਉਨ੍ਹਾਂ ਤਕ ਨਹੀਂ ਪਹੁੰਚਾਈ। ਇਤਨਾ ਹੀ ਨਹੀਂ ਉਨ੍ਹਾਂ ਨੇ ਆਪਣੇ ਸੱਤਾ-ਕਾਲ ਦੌਰਾਨ ਉਨ੍ਹਾਂ ਦੇ ਸਨਮਾਨ-ਜਨਕ ਪੁਨਰਵਾਸ ਲਈ ਵੀ ਕੋਈ ਮੁਨਾਸਬ ਕਦਮ ਨਹੀਂ ਚੁਕਿਆ। ਜਿਸ ਕਾਰਣ ਉਹ ਅਜ ਵੀ ਜਗ੍ਹਾ-ਜਗ੍ਹਾ ਇਨਸਾਫ ਲਈ ਗੁਹਾਰ ਲਾਂਦੇ, ਧੱਕੇ ਖਾ ਰਹੇ ਹਨ। ਉਹ ਇਹ ਵੀ ਦਸਦੇ ਹਨ ਕਿ ਸ. ਪ੍ਰਕਾਸ਼ ਸਿੰਘ ਬਾਦਲ ਆਪਣੇ ਮੁੱਖ ਮੰਤਰੀ ਕਾਲ ਦੌਰਾਨ, ਧਰਨੇ ਮਾਰਨ ਤੇ ਮੁਜ਼ਾਹਿਰੇ ਕਰਨ ਵਾਲਿਆਂ ਦੇ ਸੰਬੰਧ ਵਿੱਚ ਕਿਹਾ ਕਰਦੇ ਸਨ ਕਿ ਜਿਨ੍ਹਾਂ ਕੋਲ ਕਰਨ ਲਈ ਹੋਰ ਕੋਈ ਕੰਮ ਨਹੀਂ ਹੁੰਦਾ, ਉਹੀ ਧਰਨੇ ਦਿੰਦੇ ਅਤੇ ਮੁਜ਼ਾਹਿਰੇ ਕਰਦੇ ਹਨ।

ਇੱਕ ਕਾਂਡ : ਜੋ ਭੁਲਾ ਦਿੱਤਾ ਗਿਆ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਵਲੋਂ ਸੰਨ-2000 ਵਿੱਚ ਡਾ. ਕੁਲਵਿੰਦਰ ਸਿੰਘ ਬਾਜਵਾ ਵਲੋਂ ਸੰਪਾਦਤ ਇਕ ਪੁਸਤਕ 'ਅਕਾਲੀ ਦਲ ਸੌਦਾ ਬਾਰ' ਪ੍ਰਕਾਸ਼ਤ ਕੀਤੀ ਗਈ ਹੈ। ਜਿਸ ਵਿੱਚ ਗੁਰਦੁਆਰਾ ਸੁਧਾਰ ਲਹਿਰ ਨਾਲ ਸੰਬੰਧਤ ਕਈ ਪ੍ਰੇਰਨਾ-ਦਾਇਕ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੋਇਆ ਹੈ। ਪਾਠਕਾਂ ਦੀ ਜਾਣਕਾਰੀ ਲਈ ਉਨ੍ਹਾਂ ਹੀ ਘਟਨਾਵਾਂ ਵਿਚੋਂ ਇੱਕ ਦਾ ਜ਼ਿਕਰ ਇਥੇ ਕੀਤਾ ਜਾ ਰਿਹਾ ਹੈ। 10 ਤੋਂ 12 ਅਕਤੂਬਰ 1920 ਨੂੰ 'ਖਾਲਸਾ ਬਰਾਦਰੀ' ਜਥੇਬੰਦੀ ਵਲੋਂ ਜਲ੍ਹਿਆਂ ਵਾਲਾ ਬਾਗ ਵਿੱਚ ਇੱਕ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁੱਖੀ ਭਾਈ ਮਹਿਤਾਬ ਸਿੰਘ ਬੀਰ ਸਨ। (ਭਾਈ ਮਹਿਤਾਬ ਸਿੰਘ, ਮੌਲਵੀ ਕਰੀਮ ਬਖਸ਼, ਜੋ ਬਕਾਪੁਰ, ਜਲੰਧਰ ਵਿਖੇ 14 ਜੂਨ 1903 ਦੇ ਦਿਨ ਅੰਮ੍ਰਿਤ ਛਕ ਕੇ ਭਾਈ ਲਖਬੀਰ ਸਿੰਘ ਬਣ ਗਏ ਸਨ, ਦੇ ਬੇਟੇ ਸਨ। ਭਾਈ ਮਹਿਤਾਬ ਸਿੰਘ ਦਾ ਪਹਿਲਾ ਨਾਂ ਰੁਕਨਦੀਨ ਸੀ) ਭਾਈ ਮਹਿਤਾਬ ਸਿੰਘ ਨੇ ਸਿੱਖੀ ਪ੍ਰਚਾਰ ਵਾਸਤੇ ਸੰਜੀਦਾ ਅਤੇ ਅਹਿਮ ਰੋਲ ਅਦਾ ਕੀਤਾ। 10 ਤੋਂ 12 ਅਕਤੂਬਰ ਤਕ ਅਖੌਤੀ ਪਛੜੀਆਂ ਜਾਤਾਂ ਦਾ ਇਕਠ ਬੁਲਾਇਆ ਗਿਆ। ਇਸ ਵਿੱਚ ਪਹਿਲੇ ਦਿਨ ਕੋਈ ਸਿੱਖ ਆਗੂ ਸ਼ਾਮਲ ਨਾ ਹੋਇਆ। ਹੋਰ ਤਾਂ ਹੋਰ ਉਨ੍ਹਾਂ ਨੂੰ ਲੰਗਰ ਵਾਸਤੇ ਭਾਂਡੇ ਤਕ ਵੀ ਨਾ ਮਿਲੇ। ਦੂਜੇ ਦਿਨ ਸੁੰਦਰ ਸਿੰਘ ਮਜੀਠਾ, ਜ. ਕਰਤਾਰ ਸਿੰਘ ਝੱਬਰ, ਜ. ਤੇਜਾ ਸਿੰਘ ਭੁਚਰ, ਮੰਗਲ ਸਿੰਘ ਮਾਨ, ਬਹਾਦਰ ਸਿੰਘ ਹਕੀਮ ਵਗੈਰਾ ਦੀਵਾਨ ਵਿੱਚ ਆ ਹਾਜ਼ਰ ਹੋਏ। ਉਨ੍ਹੀਂ ਦਿਨੀਂ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸੀ। 11 ਅਕਤੂਬਰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ ਪਛੜੀਆਂ ਜਾਤਾਂ ਦੇ ਸਿੱਖ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਕਈ ਸਿੰਘਾਂ ਨੇ ਅੰਮ੍ਰਿਤ ਛਕਿਆ। ਦੀਵਾਨ ਦੇ ਖਤਮ ਹੋਣ ਤੋਂ ਬਾਅਦ ਸਾਰੇ ਸਿੰਘ ਇਕੱਠੇ ਹੋ ਕੇ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਨੇ ਗਲ ਵਿੱਚ ਪਲਾ ਪਾਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ ਪੁਜਾਰੀਆਂ ਨੇ 'ਨੱਨਾ' ਹੀ ਫੜੀ ਰਖਿਆ। ਏਨੇ ਚਿਰ ਵਿੱਚ ਜੱਥੇਦਾਰ ਕਰਤਾਰ ਸਿੰਘ ਝੱਬਰ ਅਤੇ ਜੱਥੇਦਾਰ ਤੇਜਾ ਸਿੰਘ ਭੁਚਰ ਵੀ ਪੁਜ ਗਏ। ਹੁਣ ਸੰਗਤਾਂ ਦੀ ਗਿਣਤੀ ਬਹੁਤ ਹੋ ਚੁਕੀ ਸੀ। ਅਖੀਰ ਫੈਸਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ (ਹੁਕਮ) ਲਿਆ ਜਾਏ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੀ, ਸੋਰਠਿ ਮਹਲਾ 3 ਦੁਤੁਕੀ ।। ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।। ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ..।। (ਪੰਨਾ 638)

ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਸੰਗਤਾਂ ਵਿਸਮਾਦ ਵਿੱਚ ਆ ਗਈਆਂ। ਅਖੀਰ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਪ੍ਰਸ਼ਾਦ ਵਰਤਾਇਆ ਗਿਆ। ਇਸਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਿਬ 'ਤੇ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਪੁਜਾਰੀ ਤਖਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸਿੰਘਾਂ ਨੇ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖਤ 'ਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿੱਚ ਸੰਗਤਾਂ ਨੇ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ 17 ਸਿੰਘਾਂ ਦੀ ਇੱਕ ਕਮੇਟੀ ਬਣਾ ਦਿੱਤੀ। ਇਸ ਕਮੇਟੀ ਦੇ ਜਥੇਦਾਰ ਜ. ਤੇਜਾ ਸਿੰਘ ਭੁਚਰ ਬਣਾਏ ਗਏ। ਇਸ ਕਮੇਟੀ (ਜੱਥੇ) ਦੀ ਡਿਊਟੀ ਅਕਾਲ ਤਖਤ ਸਾਹਿਬ 'ਤੇ ਪਹਿਰਾ ਦੇਣਾ ਸੀ। ਜਥੇਦਾਰ ਭੁਚਰ ਇਸ ਜੱਥੇ ਦੇ ਜਥੇਦਾਰ ਥਾਪੇ ਗਏ ਸਨ। ਇਸ ਦਿਨ ਤੋਂ ਅਕਾਲ ਤਖਤ ਸਾਹਿਬ ਦੇ 'ਜਥੇਦਾਰ' ਦਾ ਇੱਕ ਨਵਾਂ ਅਹੁਦਾ ਖੜਾ ਹੋ ਗਿਆ। ਇਸਤੋਂ ਪਹਿਲਾਂ ਸਿੱਖ ਤਾਰੀਖ ਅਤੇ ਸਿੱਖ ਫਲਸਫੇ ਵਿੱਚ 'ਜਥੇਦਾਰ' ਦੇ ਅਹੁਦੇ ਦਾ ਕੋਈ ਵਜੂਦ ਨਹੀਂ ਸੀ।

...ਅਤੇ ਅੰਤ ਵਿੱਚ : ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਸ. ਹਰਵਿੰਦਰ ਸਿੰਘ ਸਰਨਾ ਦਾ ਮੰਨਣਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਦੀ ਕਾਮਨਾ ਤਾਂ ਹੀ ਕੀਤੀ ਜਾ ਸਕਦੀ ਹੈ, ਜਦੋਂ ਕਿ ਇਨ੍ਹਾਂ ਦੀ ਵਾਗਡੋਰ ਪੰਥ ਪ੍ਰਤੀ ਸਮਰਪਿਤ ਸ਼ਖਸੀਅਤਾਂ ਦੇ ਹੱਥ ਵਿੱਚ ਹੋਵੇ, ਨਾ ਕਿ ਉਨ੍ਹਾਂ ਦੇ ਹੱਥਾਂ ਵਿੱਚ ਜੋ ਉਨ੍ਹਾਂ ਨੂੰ ਆਪਣੇ ਰਾਜਸੀ ਸੁਆਰਥ ਲਈ ਇਸਤੇਮਾਲ ਕਰਦੇ ਚਲੇ ਆ ਰਹੇ ਹੋਣ।

# ਅੰਮ੍ਰਿਤਸਰ ਰੇਲ ਹਾਦਸੇ ਦੀ ਜਾਂਚ ਰਿਪੋਰਟ ਵਿੱਚ ਬੇਲੋੜੀ ਦੇਰੀ ਨਾ ਹੋਵੇ

-ਵਿਪਿਨ ਪੱਬੀ-



ਅੰਮ੍ਰਿਤਸਰ 'ਚ ਵਾਪਰੇ ਮੰਦ ਭਾਗੇ ਰੇਲ ਹਾਦਸੇ ਤੋਂ ਇੱਕ ਹਫਤੇ ਬਾਅਦ ਵੀ ਇਸ ਗੱਲ ਬਾਰੇ ਸਪੱਸ਼ਟਤਾ ਨਹੀਂ ਹੈ ਕਿ ਕੀ ਇਸ ਆਯੋਜਨ ਲਈ ਇਜਾਜ਼ਤ ਦਿੱਤੀ ਗਈ ਸੀ। ਇਸ ਹਾਦਸੇ ਦੀ ਖੇਡ ਜਾਰੀ ਹੈ। ਉਥੇ ਸਾਹਮਣੇ ਆ ਰਹੇ ਨਵੇਂ ਹੈਰਾਨ ਕਰਨ ਵਾਲੇ ਤੱਥ ਵੱਖ-ਵੱਖ ਸਰਕਾਰੀ ਮਹਿਕਮਿਆਂ ਦੀ ਬੇਰੁਖੀ ਅਤੇ ਲਾਪਰਵਾਹੀ ਨੂੰ ਦਰਸਾਉਂਦੇ ਹਨ। ਸਾਹਮਣੇ ਆਏ ਤੱਥਾਂ 'ਚੋਂ ਇੱਕ ਇਹ ਹੈ ਕਿ ਅੰਮ੍ਰਿਤਸਰ 'ਚ ਹੋਏ 29 ਦੁਸਹਿਰਾ ਸਮਾਗਮ 'ਚੋਂ 25 ਲਈ ਨਗਰ ਨਿਗਮ ਜਾਂ ਸ਼ਹਿਰ ਦੀ ਪੁਲਸ ਤੋਂ ਇਜਾਜ਼ਤ ਨਹੀਂ ਲਈ ਗਈ ਸੀ। ਹੋਰ ਵੀ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜ਼ਿਲ੍ਹੇ ਦੇ ਚੋਟੀ ਦੇ ਅਧਿਕਾਰੀ ਬੇਯਕੀਨੀ ਵਾਲੀ ਸਥਿਤੀ 'ਚ ਰਹੇ, ਇਥੋਂ ਤੱਕ ਕਿ ਆਪਣੀਆਂ ਖੁਦ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਅਣਜਾਣ ਸਨ। ਏਥੋਂ ਨਾ ਸਿਰਫ ਉਨ੍ਹਾਂ ਦੀ ਜਾਣਕਾਰੀ ਦੇ ਘਟੀਆ ਪੱਧਰ ਦਾ ਪਤਾ ਲੱਗਦਾ ਹੈ, ਸਗੋਂ ਇਸ ਬਾਰੇ ਵੀ ਕਿ ਕਿਸ ਤਰ੍ਹਾਂ ਅਜਿਹੇ ਫੈਸਲੇ ਲਏ ਜਾਂਦੇ ਤੇ ਇਜਾਜ਼ਤਾਂ ਦਿੱਤੀਆਂ ਜਾਂਦੀਆਂ ਹਨ। ਸਪੱਸ਼ਟ ਹੈ ਕਿ ਲੋਕਾਂ ਦੀ ਸੁਰੱਖਿਆ ਨਾਲ ਜੁੜੇ ਅਹਿਮ ਮੁੱਦਿਆਂ ਨੂੰ ਯਕੀਨੀ ਬਣਾਉਣ ਲਈ ਕੋਈ ਨਿਗਰਾਨੀ ਤੇ ਜਾਂਚ ਨਹੀਂ ਕੀਤੀ ਜਾਂਦੀ। ਮਿਸਾਲ ਵਜੋਂ ਨਗਰ ਨਿਗਮ, ਜਿਸ ਨੇ ਮੰਨ ਲਿਆ ਹੈ ਕਿ ਅੰਮ੍ਰਿਤਸਰ ਵਿੱਚ ਦੁਸਹਿਰੇ ਦਾ ਸਮਾਗਮ ਲਈ ਸਿਰਫ ਚਾਰ ਥਾਂਈਂ ਇਜਾਜ਼ਤ ਲਈ ਗਈ ਸੀ, ਨੇ ਬਾਕੀ 25 ਵਿਰੁੱਧ ਕਾਰਵਾਈ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਸੁਭਾਵਿਕ ਤੌਰ ਉੱਤੇ ਦੁਸਹਿਰੇ ਦੇ ਸਮਾਗਮ ਲਈ ਕਈ ਦਿਨਾਂ ਤੋਂ ਜਨਤਕ ਤਿਆਰੀ ਕਰ ਰਹੇ ਸਨ। ਇਨ੍ਹਾਂ ਵਿੱਚ ਧੋਬੀ ਘਾਟ ਉੱਤੇ ਹੋਇਆ ਮੰਦ ਭਾਗਾ ਸਮਾਗਮ ਵੀ ਸ਼ਾਮਲ ਸੀ, ਜਿੱਥੇ ਰਾਵਣ ਦੇ ਪੁਤਲੇ ਨੂੰ ਅੱਗ ਲਾਏ ਜਾਣ ਪਿੱਛੋਂ ਟਰੇਨ ਹੇਠਾਂ ਕੁਚਲ ਕੇ 60 ਤੋਂ ਜ਼ਿਆਦਾ ਲੋਕਾਂ ਦੀ ਜਾਨ ਚਲੀ ਗਈ। ਇਹ ਆਯੋਜਨ ਕਰਨ ਤੋਂ ਕਿਸੇ ਨੂੰ ਰੋਕਿਆ ਕਿਉਂ ਨਹੀਂ ਗਿਆ?

ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਸ ਦੀ ਕੋਈ ਭੂਮਿਕਾ ਨਹੀਂ, ਕਿਉਂਕਿ ਅੰਮ੍ਰਿਤਸਰ 'ਚ ਪੁਲਸ ਕਮਿਸ਼ਨਰੇਟ ਸਿਸਟਮ ਹੈ। ਇਸ ਸਿਸਟਮ ਹੇਠ ਅਜਿਹੀਆਂ ਸਾਰੀਆਂ ਇਜਾਜ਼ਤਾਂ ਪੁਲਸ ਕਮਿਸ਼ਨਰ ਵੱਲੋਂ ਦਿੱਤੀਆਂ ਜਾਂਦੀਆਂ ਹਨ। ਇੱਕ ਪੁਲਸ ਅਧਿਕਾਰੀ ਨੇ ਕਿਹਾ ਹੈ ਕਿ ਉਹ ਇਸ ਗੱਲ ਦੀ ਜਾਂਚ ਕਰਨਗੇ ਕਿ ਕੀ ਆਖਰੀ ਇਜਾਜ਼ਤ ਪੁਲਸ ਵੱਲੋਂ ਦਿੱਤੀ ਜਾਂਦੀ ਹੈ ਜਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ? ਬਿਨਾਂ ਸ਼ੱਕ ਉਕਤ ਅਧਿਕਾਰੀ ਨੂੰ ਇਜਾਜ਼ਤ ਦੀ ਸਹੀ ਪ੍ਰਕਿਰਿਆ ਦੀ ਵੀ ਜਾਣਕਾਰੀ ਨਹੀਂ। ਧੋਬੀ ਘਾਟ ਉੱਤੇ ਹੋਏ ਮੰਦ ਭਾਗੇ ਦੁਸਹਿਰੇ ਸਮਾਗਮ ਦਾ ਆਯੋਜਕ ਗਾਇਬ ਰਹਿਣ ਪਿੱਛੋਂ ਵੀਡੀਓ ਰਿਕ-ਾਰਡਿੰਗ ਰਾਹੀਂ ਸਾਹਮਣੇ ਆਇਆ ਸੀ, ਇਹ ਦਾਅਵਾ ਕਰਦਾ ਹੈ ਕਿ ਉਸ ਕੋਲ ਸਾਰੀਆਂ ਇਜਾਜ਼ਤਾਂ ਹਨ, ਪਰ ਉਸ ਦੇ ਦਾਅਵੇ ਨੂੰ ਨਗਰ ਨਿਗਮ ਚੁਣੌਤੀ ਦੇ ਰਹੀ ਹੈ।

ਜੇ ਇਹ ਵਿਵਾਦ ਪੂਰਨ ਵੀ ਹੈ ਤਾਂ ਜੋ ਵਿਵਾਦ ਪੂਰਨ ਨਹੀਂ, ਉਹ ਇਹ ਹੈ ਕਿ ਆਯੋਜਨ ਵਾਲੀ ਥਾਂ ਅੱਗ ਬੁਝਾਊ ਗੱਡੀਆਂ, ਪਾਣੀ ਦੇ ਟੈਂਕਰ ਤੇ ਪੁਲਸ ਮੌਜੂਦ ਸਨ। ਸੁਭਾਵਿਕ ਹੈ ਕਿ ਇਹ ਸਭ ਸੰਬੰਧਤ ਅਧਿਕਾਰੀਆਂ ਵੱਲੋਂ ਇਜਾਜ਼ਤ ਮਿਲੇ ਬਿਨਾਂ ਕਿਸੇ ਸਮਾਗਮ ਵਾਲੀ ਥਾਂ ਨਹੀਂ ਜਾਂਦੇ, ਪਰ ਆਯੋਜਕਾਂ ਨੂੰ ਕਲੀਨ ਚਿੱਟ ਨਹੀਂ ਦਿੱਤੀ ਜਾ ਸਕਦੀ ਤੇ ਉਨ੍ਹਾਂ ਨੂੰ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣੇ ਪੈਣੇ ਹਨ ਕਿ ਕਿਉਂ ਉਨ੍ਹਾਂ ਨੇ ਲਾਈਨਾਂ ਦੇ ਇੰਨੇ ਨੇੜੇ ਐਲ ਈ ਡੀ ਸਕਰੀਨ ਲਾਈ ਅਤੇ ਉਥੇ ਬੈਰੀਕੇਡ ਕਿਉਂ ਨਹੀਂ ਲਾਏ ਜਾਂ ਰੇਲਵੇ ਲਾਈਨਾਂ ਨੇੜੇ ਵਾਲੰਟੀਅਰਜ਼ ਨੂੰ ਤੈਨਾਤ ਕਿਉਂ ਨਹੀਂ ਕੀਤਾ ਗਿਆ? ਰੇਲਵੇ ਨੂੰ ਸਿੱਧੇ ਤੌਰ 'ਤੇ ਇਸ ਹਾਦਸੇ ਲਈ ਦੋਸ਼ ਨਹੀਂ ਦਿੱਤਾ ਜਾ ਸਕਦਾ, ਪਰ ਉਸ ਨੂੰ ਜਨਤਕ ਤਿਉਹਾਰਾਂ ਮੌਕੇ ਡਰਾਈਵਰਾਂ ਨੂੰ ਚੌਕੰਨੇ ਕਰਨ ਲਈ ਸਬਕ ਸਿੱਖਣਾ ਚਾਹੀਦਾ ਹੈ। ਇਹ ਸਾਰੀ ਘਟਨਾ ਮੰਦ ਭਾਗੀ ਸੀ ਅਤੇ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦੇ ਸ਼ਿਕਾਰ ਬਣੇ ਲੋਕ ਆਪਣੀ ਖੁਦ ਦੀ ਸੁਰੱਖਿਆ ਪ੍ਰਤੀ ਲਾਪਰਵਾਹ ਸਨ। ਇਹ ਦੁਖਦਾਈ ਹੈ ਕਿ ਜਿਸ ਪਲ ਰਾਵਣ ਦੇ ਪੁਤਲੇ ਨੂੰ ਅੱਗ ਲਾਈ ਗਈ ਤੇ ਉਸ 'ਚ ਭਰੇ ਗਏ ਪਟਾਕੇ ਚੱਲਣ ਲੱਗੇ, ਉਸੇ ਸਮੇਂ ਟਰੇਨ ਰੇਲ ਪਟੜੀ ਉੱਤੇ ਖੜ੍ਹੇ ਉਨ੍ਹਾਂ ਲੋਕਾਂ ਨੂੰ ਕੁਚਲਣ ਲੱਗ ਪਈ, ਜਿਨ੍ਹਾਂ ਦਾ ਧਿਆਨ ਵੰਡਿਆ ਗਿਆ ਸੀ।

ਇਸ ਬਾਰੇ ਸਰਕਾਰ ਨੂੰ ਸਾਰੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਇਹ ਇੱਕ ਅਜਿਹਾ ਹਾਦਸਾ ਸੀ, ਜੋ ਸ਼ਾਇਦ ਹੋਣ ਦੀ ਉਡੀਕ ਕਰ ਰਿਹਾ ਸੀ। ਸਰਕਾਰ ਨੇ ਜਾਂਚ ਕਮਿਸ਼ਨ ਕਾਇਮ ਕੀਤਾ ਹੈ ਤੇ ਉਮੀਦ ਕਰਨੀ ਚਾਹੀਦੀ ਹੈ ਕਿ ਇਸ ਦੀ ਰਿਪੋਰਟ ਆਉਣ 'ਚ ਬੇਲੋੜੀ ਦੇਰੀ ਨਹੀਂ ਕੀਤੀ ਜਾਵੇਗੀ। ਕਮਿਸ਼ਨ ਨੂੰ ਜ਼ਰੂਰੀ ਤੌਰ 'ਤੇ ਅਜਿਹੇ ਜਨਤਕ ਸਮਾਗਮਾਂ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਨਾਲ ਅੱਗੇ ਆਉਣਾ ਪਵੇਗਾ।

# ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਖਿਚ ਕਿਉਂ?

-ਡਾ. ਸ਼ਿਆਮ ਸੁੰਦਰ ਦੀਪਤੀ

ਪਿੰਡ ਸ਼ਹਿਰ ਸੂਬੇ ਜਾਂ ਦੇਸ਼ ਛੱਡ ਕੇ ਦੂਰ ਦਰਾਜ ਵਸ ਜਾਣਾ ਕੋਈ ਨਵੀਂ ਪ੍ਰਵਿਰਤੀ ਨਹੀਂ ਹੈ। ਇਸ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਪਰਵਾਸ ਪੰਛੀ ਵੀ ਕਰਦੇ ਹਨ ਤੇ ਜਾਨਵਰ ਵੀ। ਪਰਵਾਸ ਆਪਣੇ ਆਪ ਨੂੰ ਜਿਉਂਦਾ ਰੱਖਣ ਜਾਂ ਬਚਾ ਕੇ ਰੱਖਣ ਦੀ ਜੀਵ ਦੀ ਤੀਬਰ ਇੱਛਾ ਦਾ ਹੀ ਪ੍ਰਗਟਾਵਾ ਹੈ। ਮਨੁੱਖ ਸਾਰੇ ਜੀਵਾਂ ਵਿੱਚੋਂ ਸੁਚੇਤ ਹੋਣ ਕਰ ਕੇ ਸਿਰਫ ਮੂਲ ਜ਼ਰੂਰਤਾਂ ਕਾਰਨ ਹੀ ਨਹੀਂ, ਸਗੋਂ ਵਧੀਆ ਜ਼ਿੰਦਗੀ ਜਿਊਣ ਦੀ ਲਾਲਸਾ ਲਈ ਵੀ ਪਰਵਾਸ ਦਾ ਫੈਸਲਾ ਕਰਦਾ ਹੈ। ਉਂਜ, ਵੀ ਮਨੁੱਖ ਦੀ ਫਿਤਰਤ ਵਿੱਚ ਜਿਗਿਆਸਾ ਤੇ ਤਲਾਸ਼ ਦੋ ਹੋਰ ਗੁਣ ਹਨ, ਜਿਨ੍ਹਾਂ ਦਾ ਇਸ ਦਿਸ਼ਾ ਵਿੱਚ ਵੱਡਾ ਯੋਗਦਾਨ ਹੈ। ਪਰਵਾਸ ਦੀ ਪ੍ਰਵਿਰਤੀ ਸਾਰੀ ਦੁਨੀਆ ਦਾ ਵਰਤਾਰਾ ਹੈ। ਯੂ ਐੱਨ ਦੀ ਤਾਜ਼ਾ ਰਿਪੋਰਟ ਮੁਤਾਬਕ ਤਕਰੀਬਨ 25 ਕਰੋੜ ਲੋਕ ਆਪਣੀ ਜਨਮ ਭੂਮੀ ਛੱਡ ਕੇ ਹੋਰ ਦੇਸ਼ਾਂ ਵਿੱਚ ਰਹਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿੱਚ ਸਭ ਤੋਂ ਵੱਧ ਗਿਣਤੀ ਭਾਰਤੀ ਲੋਕਾਂ ਦੀ ਹੈ। ਇਹ 17.7 ਕਰੋੜ ਲੋਕ ਦੇਸ਼ ਤੋਂ ਬਾਹਰ ਵੱਸੇ ਹਨ। ਉਸ ਤੋਂ ਬਾਅਦ ਮੈਕਸਿਕੋ, ਰੂਸ, ਚੀਨ, ਬੰਗਲਾ ਦੇਸ਼ ਤੇ ਪਾਕਿਸਤਾਨ ਆਉਂਦੇ ਹਨ। ਭਾਰਤ ਵਿੱਚੋਂ ਕੇਰਲਾ ਅਤੇ ਪੰਜਾਬ ਇਸ ਪੱਖੋਂ ਮੋਹਰੀ ਹਨ, ਪਰ ਕੇਰਲਾ ਅਤੇ ਪੰਜਾਬ ਦੇ ਪਰਵਾਸ ਵਿੱਚ ਫਰਕ ਹੈ। ਪੰਜਾਬ ਦੇ ਲੋਕ, ਪੱਕੇ ਤੌਰ 'ਤੇ ਵੱਸਣ ਨੂੰ ਤਰਜੀਹ ਦਿੰਦੇ ਹਨ।

ਆਮ ਤੌਰ 'ਤੇ ਬਹੁ-ਗਿਣਤੀ ਲੋਕਾਂ ਲਈ ਆਪਣੀ ਜਨਮ ਭੂਮੀ, ਆਪਣੇ ਲੋਕ ਅਤੇ ਸੱਭਿਆਚਾਰ ਛੱਡ ਕੇ ਨਵੀਂ ਥਾਂ 'ਤੇ ਵੱਸਣਾ ਕਿਸੇ ਵੀ ਤਰ੍ਹਾਂ ਪਹਿਲੀ ਪਸੰਦ ਨਹੀਂ ਹੁੰਦੀ। ਇਹ ਮਜਬੂਰੀ ਵਿੱਚੋਂ ਪੈਦਾ ਹੁੰਦਾ ਵਰਤਾਰਾ ਹੈ। ਸਭ ਤੋਂ ਪ੍ਰਮੁੱਖ ਕਾਰਨ ਆਰਥਿਕ ਹੈ, ਇਥੇ ਏਨੀ ਦਿਹਾੜੀ ਵੀ ਨਹੀਂ ਮਿਲਦੀ ਕਿ ਆਪਣਾ ਢਿੱਡ ਭਰਿਆ ਜਾ ਸਕੇ। ਪਰਵਾਸ ਭਾਵੇਂ ਪਿੰਡਾਂ ਤੋਂ ਸ਼ਹਿਰਾਂ ਵੱਲ ਤੇ ਸ਼ਹਿਰਾਂ ਤੋਂ ਮਹਾਂਨਗਰਾਂ ਵੱਲ ਹੋਵੇ, ਅਜੋਕੇ ਦ੍ਰਿਸ਼ ਵਿੱਚ ਇਹ ਪਹਿਲੂ ਬਹੁਤ ਅਹਿਮ ਹੈ, ਜਦੋਂ ਅਸੀਂ ਦੇਖ ਸਕਦੇ ਹਾਂ ਕਿ ਦੇਸ਼ ਭਰ ਵਿੱਚ ਰੁਜ਼ਗਾਰ ਦੀ ਸਥਿਤੀ ਨਿਰਾਸ਼ਾ ਜਨਕ ਹੈ। ਸਰਕਾਰਾਂ ਦੇ ਚੋਣ ਵਾਅਦਿਆਂ ਵਿੱਚ ਇਹ ਪੱਖ ਲੁਭਾਵਨੇ ਜਾਪਦੇ ਹਨ, ਪਰ ਜ਼ਮੀਨੀ ਪੱਧਰ 'ਤੇ ਲੋਕਾਂ ਹੱਥ ਕੁਝ ਨਹੀਂ ਲੱਗਦਾ। ਪਿਛਲੇ ਦੋ ਦਹਾਕਿਆਂ ਤੋਂ ਵਿਸ਼ੇਸ਼ ਕਰ ਕੇ ਚਾਰ ਸਾਲਾਂ ਤੋਂ, ਨਿੱਜੀਕਰਨ ਵੱਲ ਵੱਧ ਝੁਕਾਅ ਕਾਰਨ ਸਰਕਾਰ ਲੋਕਾਂ ਨੂੰ ਨਾ ਬਰਾਬਰ ਰੁਜ਼ਗਾਰ ਦੇ ਰਹੀ ਹੈ। ਨਿੱਜੀ ਖੇਤਰ ਨੂੰ ਮਰਜ਼ੀ ਕਰਨ ਦੀ ਖੁੱਲ੍ਹ ਹੈ ਤੇ ਉਹ 'ਹਾਇਰ ਐਂਡ ਫਾਇਰ' ਦੀ ਨੀਤੀ ਨਾਲ ਕੰਮ ਕਰੇ ਹਨ। ਸਰਕਾਰ ਦਾ ਉਨ੍ਹਾਂ ਉਤੇ ਕਿਸੇ ਤਰ੍ਹਾਂ ਦਾ ਨਿਯਮ ਲਾਗੂ ਨਹੀਂ ਹੋ ਰਿਹਾ, ਜਿਸ ਨੂੰ ਸਰਕਾਰ 'ਕਾਰੋਬਾਰ ਵਿੱਚ ਆਸਾਨੀ' ਕਹਿ ਰਹੀ ਹੈ।

ਇਸ ਦਾ ਦੂਜਾ ਪੱਖ ਸਥਿਤੀ ਨੂੰ ਸਪੱਸ਼ਟ ਕਰਨ ਲਈ ਕਾਫੀ ਹੈ ਕਿ ਦੇਸ਼ ਅਤੇ ਪੰਜਾਬ ਵਿੱਚ ਖਾਸ ਕਰਕੇ, ਵਿਦੇਸ਼ ਭੇਜਣ ਵਾਲੇ ਏਜੰਟਾਂ ਤੇ ਆਈਲੈਟਸ ਸੈਂਟਰਾਂ ਦੀ ਭਰਮਾਰ ਹੈ। ਲੱਗਦਾ ਹੈ ਕਿ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ ਤੇ ਇਨ੍ਹਾਂ ਸੈਂਟਰਾਂ ਵਿੱਚ ਵੱਧ। ਇਕ ਛੋਟੇ ਜਿਹੇ ਕਸਬੇ ਵਿੱਚ ਅੱਠ ਦਸ ਆਈਲੈਟਸ ਸੈਂਟਰਾਂ ਦਾ ਹੋਣਾ ਆਮ ਗੱਲ ਹੈ, ਜਦੋਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਇਹ ਸੈਂਕੜਿਆਂ ਦੀ ਗਿਣਤੀ ਵਿੱਚ ਹਨ। ਇਕ ਅੰਦਾਜ਼ੇ ਮੁਤਾਬਕ ਇਕੱਲੇ ਪੰਜਾਬ ਤੋਂ ਕਰੀਬ ਡੇਢ-ਲੱਖ ਨੌਜਵਾਨ ਹਰ ਸਾਲ ਪਰਵਾਸ ਕਰਦੇ ਹਨ। ਪੰਜਾਬੀ ਨੌਜਵਾਨ ਭਾਵੇਂ ਪੜ੍ਹਾਈ ਦੇ ਨਾਂ 'ਤੇ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈ ਕੇ ਜਾਂਦੇ ਹਨ, ਪਰ ਕਿਸੇ ਵੀ ਨੌਜਵਾਨ ਦੇ ਮਨ ਵਿੱਚ ਭੋਰਾ ਭਰਮ ਨਹੀਂ ਹੁੰਦਾ ਕਿ ਉਹ ਉਚ ਸਿੱਖਿਆ ਹਾਸਲ ਕਰਕੇ ਆਪਣੇ ਦੇਸ਼ ਪਰਤੇਗਾ। ਉਨ੍ਹਾਂ ਦੇਸ਼ਾਂ ਦੀ ਨੀਤੀ ਵਿੱਚ ਵੀ ਇਨ੍ਹਾਂ ਨੂੰ ਪੜ੍ਹਾਉਣ ਤੋਂ ਵੱਧ ਉਥੇ ਕੰਮ ਵਿੱਚ ਲਾਉਣ ਦੀ ਚਾਹਤ ਹੈ। ਪੱਚੀ ਤੋਂ ਤੀਹ ਲੱਖ ਰੁਪਏ ਦੂਜੇ ਦੇਸ਼ ਨੂੰ ਦੇ ਕੇ ਪੜ੍ਹਨ ਗਿਆ ਨੌਜਵਾਨ ਉਨ੍ਹਾਂ ਦੇ ਸੱਟਡੀ ਵੀਜ਼ੇ 'ਤੇ ਹੁੰਦਿਆਂ ਹਫਤੇ ਵਿੱਚ ਵੀਹ ਘੰਟੇ ਕੰਮ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਉਨ੍ਹਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਇਸ ਤੋਂ ਬਾਅਦ ਜੌਬ ਸਰਚ ਵੀਜ਼ੇ ਜਾਂ ਵਰਕ ਵੀਜ਼ੇ ਰਾਹੀਂ ਉਸ ਤੋਂ 10-15 ਸਾਲ ਕੰਮ ਲਿਆ ਜਾਂਦਾ ਹੈ ਤੇ ਫਿਰ ਕਿਸੇ ਕਾਰੋਬਾਰੀ ਦੀ ਸਿਫਾਰਸ਼ੀ ਚਿੱਠੀ ਨਾਲ ਪੱਕਾ ਕਰਨ ਦੀ ਗੱਲ ਤੁਰਦੀ ਹੈ।

ਇਕ ਅਨੁਮਾਨ ਮੁਤਾਬਕ ਪੰਜਾਬ ਤੋਂ ਪਰਵਾਸ ਕਰਨ ਵਾਲਿਆਂ 'ਚੋਂ 81 ਫੀਸਦੀ ਨੌਜਵਾਨ ਪੇਂਡੂ ਖੇਤਰਾਂ ਤੋਂ ਹਨ। ਯਕੀਨਨ ਇਹ ਉਹ ਲੋਕ ਹਨ, ਜਿਨ੍ਹਾਂ ਕੋਲ ਦੋ-ਚਾਰ ਕਿੱਲੇ ਜ਼ਮੀਨ ਹੈ ਤੇ ਉਸ ਨੂੰ ਵੇਚ ਜਾਂ ਗਹਿਣੇ ਰੱਖ ਕੇ ਲੋਕ ਪੈਸਿਆਂ ਦਾ ਬੰਦੋਬ-ਸਤ ਕਰਦੇ ਹਨ। ਏਜੰਟ ਇਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਆਪਣੇ ਦਫਤਰ ਵਿੱਚ ਬੈਠਿਆਂ ਹੀ ਪੱਕਾ ਕਰ ਦਿੰਦੇ ਹਨ ਤੇ ਜਾਂਦੇ ਸਾਰ ਡਾਲਰ ਭੇਜਣ ਦੀ ਗਾਰੰਟੀ ਦਿੰਦੇ ਹਨ, ਪਰ ਹਕੀਕਤ ਹੋਰ ਹੈ। ਇਹ ਇੱਛਾ ਹਰ ਮਾਂ ਬਾਪ ਦੀ ਹੈ ਕਿ ਬੱਚੇ ਉਨ੍ਹਾਂ ਕੋਲ ਰਹਿਣ। ਫਿਰ ਵੀ ਇਕਹਿਰੇ ਪਰਵਾਰ ਤੱਕ ਦੇ ਮਾਂ ਪਿਉ ਖੁਦ ਕਹਿਣ ਲਈ ਮਜਬੂਰ ਹਨ ਕਿ ਬਾਹਰ ਚਲਾ ਜਾ। ਇਸ ਤਰ੍ਹਾਂ ਦੇ ਹਾਲਾਤ ਇਸ ਕਰਕੇ ਬਣੇ ਹਨ ਕਿ ਸਿੱਖਿਆ ਪ੍ਰਬੰਧ ਦੀ ਬੁਰੀ ਹਾਲਤ ਹੈ ਤੇ ਬੇਰੁਜ਼ਗਾਰੀ ਤੇ ਨਸ਼ਿਆਂ ਦੀ ਗੰਭੀਰ ਸਮੱਸਿਆ ਹੈ। ਇਸ ਲਈ ਮਾਪੇ ਬੱਚਿਆਂ ਤੋਂ ਦੂਰੀ ਬਰਦਾਸ਼ਤ ਕਰ ਲੈਂਦੇ ਹਨ।

ਇਸੇ ਤਰ੍ਹਾਂ ਮਨੁੱਖੀ ਮਾਨਸਿਕਤਾ ਵਿੱਚ ਵਧੀਆ ਜ਼ਿੰਦਗੀ ਦੀ, ਸੁਖੀ ਅਤੇ ਸ਼ਾਂਤਮਈ ਜ਼ਿੰਦਗੀ ਜਿਊਣ ਦੀ ਤਾਂਘ ਵੀ ਪਰਵਾਸ ਦਾ ਕਾਰਨ ਹੈ। ਚੰਗੇ ਭਲੇ, ਵਧੀਆ ਕਾਰੋਬਾਰ ਦੇ ਚੱਲਦਿਆਂ ਠੀਕ ਠਾਕ ਜ਼ਮੀਨਾਂ ਹੁੰਦਿਆਂ ਵੀ ਨੌਜਵਾਨ ਵਿਦੇਸ਼ਾਂ ਵੱਲ ਜਾਣ 'ਚ ਦਿਲਚਸਪੀ ਦਿਖਾਉਂਦੇ ਹਨ। ਇਸ ਦਾ ਕਾਰਨ ਆਪਣੇ ਦੇਸ਼ ਪ੍ਰਦੇਸ਼ ਦਾ ਅਣਸੁਖਾਵਾਂ ਮਾਹੌਲ ਹੈ, ਜਿਥੇ ਕੋਈ ਕੰਮ ਰਿਸ਼ਵਤ ਤੋਂ ਬਿਨਾਂ ਨਹੀਂ ਹੁੰਦਾ ਤੇ ਕੰਮ ਕਰਵਾਉਣ ਲਈ ਖੱਜਲ ਖੁਆਰੀ ਤੇ ਦੇਰੀ ਵੱਖਰੀ ਹੈ। ਆਪਸੀ ਭਾਈਚਾਰੇ ਦੀ ਘਾਟ ਤੇ ਫਿਰਕਾ ਪ੍ਰਸਤੀ ਨੇ ਵੀ ਮਾਹੌਲ ਨਾ ਰਹਿਣ ਯੋਗ ਬਣਾ ਦਿੱਤਾ ਹੈ। ਪੜ੍ਹੇ ਲਿਖੇ ਨੌਜਵਾਨਾਂ ਨੂੰ ਜੇ ਢੁਕਵੀਂ ਨੌਕਰੀ ਜਾਂ ਤਨਖਾਹ ਨਹੀਂ ਮਿਲਦੀ ਤਾਂ ਉਹ ਕਿਸੇ ਛੋਟੀ ਮੋਟੀ ਕਾਰੀਗਰੀ ਜਾਂ ਦਿਹਾੜੀ ਲਈ ਬਾਹਰ ਜਾਣ ਨੂੰ ਤਿਆਰ ਹੋ ਜਾਂਦੇ ਹਨ। ਵਿਦੇਸ਼ਾਂ ਵਿੱਚ ਜਾਣ ਵਾਲਿਆਂ ਵਿੱਚੋਂ 60 ਫੀਸਦੀ ਨੌਜਵਾਨ ਸ਼ੁਰੂਆਤੀ ਦਿਨਾਂ ਵਿੱਚ ਮਜ਼ਦੂਰੀ ਹੀ ਕਰਦੇ ਹਨ ਤੇ 32 ਫੀਸਦੀ ਖੇਤੀ ਸਬੰਧੀ ਤੇ ਸੱਤ ਫੀਸਦੀ ਰੈਸਤਰਾਂ 'ਚ ਕੰਮ ਕਰਦੇ ਹਨ।

ਜੇ ਦੇਸ਼ ਪੱਧਰ 'ਤੇ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਨੌਜਵਾਨਾਂ ਤੋਂ ਉਸਾਰੂ ਕੰਮ ਲੈਣ ਲਈ ਕੋਈ ਠੋਸ ਨੀਤੀ ਨਹੀਂ ਹੈ। ਨੌਜਵਾਨਾਂ ਨੂੰ 'ਭੀੜਤੰਤਰ' ਵੱਲ ਲਿਜ-ਾਇਆ ਜਾ ਰਿਹਾ ਹੈ। ਇਹੀ ਕਾਰਨ ਹਨ ਕਿ ਨੌਜਵਾਨ ਪਰਵਾਸ ਨੂੰ ਹੀ ਬਿਹਤਰ ਸਮਝਣ ਲੱਗੇ ਹਨ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੂਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

## ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਸੀਵਰੇਜ ਪਾਣੀ ਦੇ ਰੀਸਾਈਕਲਿੰਗ ਬਾਰੇ ਇਸਰਾਈਲ ਨਾਲ ਗੱਲਬਾਤ



ਚੰਡੀਗੜ੍ਹ, 25 ਅਕਤੂਬਰ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯੇਰੂਸ਼ਲਮ ਵਿੱਚ ਇਸਰਾਈਲੀ ਮੰਤਰੀ ਨਾਲ ਮੀਟਿੰਗ ਦੌਰਾਨ ਪੰਜਾਬ ਦੇ ਪ੍ਰਮੁੱਖ ਪੰਜ ਸ਼ਹਿਰਾਂ ਦੇ ਸੀਵਰ ਅਤੇ ਪਾਣੀ ਦੀ ਰੀਸਾਈਕਲਿੰਗ ਬਾਰੇ ਗੱਲਬਾਤ ਕੀਤੀ ਤਾਂ ਜੋ ਪ੍ਰਦੂਸ਼ਣ ਨਾਲ ਨਜਿੱਠਣ ਵਿੱਚ ਮਦਦ ਮਿਲ ਸਕੇ ਤੇ ਗੰਦੇ ਪਾਣੀ ਨੂੰ ਸਾਫ ਕਰ ਕੇ ਇਸ ਦੀ ਵਰਤੋਂ ਸਿੰਚਾਈ ਕਾਰਜਾਂ ਲਈ ਹੋ ਸਕੇ। ਮੁੱਖ ਮੰਤਰੀ ਅਮਰਿੰਦਰ ਸਿੰਘ ਡਾਕਟਰ ਸਟੈਂਜ ਦੀ ਇਸ ਗੱਲ ਤੋਂ ਪ੍ਰਭਾਵਤ ਸਨ ਕਿ ਇਸਰਾਈਲ ਵਿੱਚ ਨੱਬੇ ਫੀਸਦੀ ਸੀਵਰੇਜ ਪਾਣੀ ਰੀਸਾਈਕਲਿੰਗ ਕਰ ਕੇ ਖੇਤੀ ਲਈ ਵਰਤਿਆ ਜਾਂਦਾ ਹੈ।

ਪੰਜਾਬ ਦੇ ਸ਼ਹਿਰਾਂ ਵਿੱਚ ਸੀਵਰੇਜ ਦੇ ਗੰਦੇ ਪਾਣੀ ਨੂੰ ਇਸਰਾਈਲ ਦੀ ਤਕਨੀਕ ਨਾਲ ਰੀਸਾਈਕਲ ਕੀਤਾ ਜਾ ਸਕਦਾ ਹੈ। ਡਾਕਟਰ ਸਟੈਂਜ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਇਸਰਾਈਲ ਵਿੱਚ ਲਗਾਤਾਰ ਪੰਜ ਸਾਲ ਸੋਕੇ ਦੀ ਹਾਲਤ ਪੈਦਾ ਹੋਈ ਹੈ, ਪਰ ਇਸਰਾਈਲ ਨੇ ਘਰੇਲੂ ਪਾਣੀ ਰੀਸਾਈਕਲ ਕਰ ਕੇ ਅੱਸੀ ਫੀਸਦੀ ਸਮੱਸਿਆ 'ਤੇ ਕਾਬੂ ਪਾ ਲਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਡਾਕਟਰ ਸਟੈਂਜ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਉਨ੍ਹਾ ਨੇ ਤਲ ਅਵੀਵ ਵਿੱਚ ਇਸ ਸੈਮੀਨਾਰ ਦੌਰਾਨ ਕਿਹਾ ਕਿ ਇਸਰਾਈਲ-ਏਸ਼ੀਆ ਚੈਂਬਰ ਆਫ ਕਾਮਰਸ ਨੂੰ ਪੰਜਾਬ ਆਉਣਾ ਚਾਹੀਦਾ ਤੇ ਸੂਬਾ ਸਰਕਾਰ ਦੀ ਨਵੀਂ ਉਦਯੋਗਿਕ ਨੀਤੀ ਦਾ ਲਾਭ ਲੈਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਚੈਂਬਰ ਆਫ ਕਾਮਰਸ ਨੂੰ ਕਿਹਾ ਕਿ ਪੰਜਾਬ ਵਿੱਚ ਚਾਰ ਹਵਾਈ ਅੱਡੇ ਹਨ, ਜਿੱਥੋਂ ਮੱਧ ਪੂਰਬੀ ਦੇਸ਼ਾਂ ਨੂੰ ਫਲਾਈਟਾਂ ਜਾਂਦੀਆਂ ਹਨ ਅਤੇ ਇਸਰਾਈਲ ਦੇ ਉਦਮੀਆਂ ਨੂੰ ਖੁੱਲ੍ਹੇ ਦਿਲ ਨਾਲ ਨਿਵੇਸ਼ ਲਈ ਸਵਾਗਤ ਕਰਨ ਨੂੰ ਪੰਜਾਬ ਤਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਦਯੋਗੀਕਰਨ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ। ਮੀਟਿੰਗ ਵਿੱਚ ਇਸਰਾਈਲ ਦੇ ਪ੍ਰਮੁੱਖ ਕਾਰੋਬਾਰੀ ਆਗੂਆਂ ਨੇ ਵੀ ਹਿੱਸਾ ਲਿਆ।

## ਪੰਜਾਬ ਦੇ ਪੁਲਸ ਮੁਖੀ ਬਣਨ ਵਾਲੀ ਦੌੜ ਵਿੱਚ ਸਨ ਸੀ ਬੀ ਆਈ ਗੇੜ ਵਿੱਚ ਫਸੇ ਸਾਮੰਤ ਗੋਇਲ

ਜਲੰਧਰ, 25 ਅਕਤੂਬਰ (ਪੋਸਟ ਬਿਊਰੋ)- ਸੀ ਬੀ ਆਈ ਦੇ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਕੁਰੱਪਸ਼ਨ ਕੇਸ ਵਿੱਚ ਫਸਣ ਪਿੱਛੋਂ ਇਸ ਕੇਸ ਵਿੱਚ ਪੰਜਾਬ ਪੁਲਸ ਦੇ 1986 ਬੈਚ ਦੇ ਆਈ ਪੀ ਸੀ ਐੱਸ ਅਫਸਰ ਸਾਮੰਤ ਕੁਮਾਰ ਗੋਇਲ ਦਾ ਨਾਂਅ ਆਉਣ ਨਾਲ ਪੰਜਾਬ ਪੁਲਸ ਦੇ ਵੱਡੇ ਅਧਿਕਾਰੀ ਵੀ ਹੈਰਾਨ ਹਨ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਦੇ ਸੀਨੀਅਰ ਅਧਿਕਾਰੀ ਸਾਮੰਤ ਗੋਇਲ ਅੱਜ ਕੱਲ੍ਹ ਸੈਂਟਰਲ ਡੈਪੂਟੇਸ਼ਨ 'ਤੇ ਚੱਲ ਰਹੇ ਸਨ ਅਤੇ ਉਹ ਰਿਸਰਚ ਐਂਡ ਐਨਾਲਾਈਸਿਜ਼ (ਰਾਅ) ਵਿੱਚ ਸਪੈਸ਼ਲ ਸੈਕਟਰੀ ਦੇ ਅਹੁਦੇ ਉੱਤੇ ਹਨ। ਸੀ ਬੀ ਆਈ ਵਾਲੇ ਤਾਜ਼ਾ ਕੇਸ ਨੇ ਪੰਜਾਬ ਪੁਲਸ ਵਿੱਚ ਅਗਲੇ ਡੀ ਜੀ ਪੀ ਬਣਨ ਵਾਸਤੇ ਚੱਲਦੀ ਦੌੜ ਨੂੰ ਵੀ ਬਦਲ ਦਿੱਤਾ ਹੈ। ਤਿੰਨ ਮਹੀਨਿਆਂ ਦੀ ਐਕਸਟੈਂਸ਼ਨ ਮਿਲਣ ਪਿੱਛੋਂ ਮੌਜੂਦਾ ਡੀ ਜੀ ਪੀ ਸੁਰੇਸ਼ ਅਰੋੜਾ 31 ਦਸੰਬਰ ਨੂੰ ਰਿਟਾਇਰ ਹੋ ਰਹੇ ਹਨ ਅਤੇ ਡੀ ਜੀ ਪੀ ਲਈ ਦੌੜ ਵਿੱਚ ਕਈ ਨਾਂਅ ਚਰਚਿਤ ਹਨ, ਜਿਨ੍ਹਾਂ ਵਿੱਚ ਹਰਦੀਪ ਸਿੰਘ ਢਿੱਲੋਂ, ਦਿਨਕਰ ਗੁਪਤਾ ਤੋਂ ਇਲਾਵਾ ਸਾਮੰਤ ਗੋਇਲ ਦਾ ਨਾਂਅ ਅੱਗੇ ਚੱਲ ਰਿਹਾ ਸੀ। ਇਸ ਸਮੇਂ ਵਿੱਚ ਰਾਅ ਦੇ ਸਪੈਸ਼ਲ ਸੈਕਟਰੀ ਦੇ ਅਹੁਦੇ 'ਤੇ ਤੈਨਾਤ ਸਾਮੰਤ ਗੋਇਲ ਵੀ ਉਸ ਕੇਂਦਰੀ ਏਜੰਸੀ ਦੇ ਨੈਸ਼ਨਲ ਚੀਫ ਅਹੁਦੇ ਦੀ ਦੌੜ ਵਿੱਚ ਵੀ ਸਨ ਕਿਉਂਕਿ ਇਹ ਅਹੁਦਾ ਵੀ ਅਗਲੇ ਸਾਲ 31 ਜਨਵਰੀ ਨੂੰ ਖਾਲੀ ਹੋਣ ਵਾਲਾ ਹੈ। ਉਹ ਰਾਅ ਦੇ ਨੈਸ਼ਨਲ ਚੀਫ ਅਹੁਦੇ ਉਤੇ ਨਹੀਂ ਬੈਠਦੇ ਤਾਂ ਉਨ੍ਹਾਂ ਦਾ ਪੰਜਾਬ ਪੁਲਸ ਦਾ ਅਗਲਾ ਡੀ ਜੀ ਪੀ ਬਣਨਾ ਤੈਅ ਸੀ। ਪੰਜਾਬ ਕੇਡਰ ਵਿੱਚ ਵਾਪਸ ਆਉਣ ਨੂੰ ਲੈ ਕੇ ਪਿਛਲੇ ਦਿਨੀਂ ਸਾਮੰਤ ਕੁਮਾਰ ਗੋਇਲ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਬੈਠਕ ਹੋਈ ਸੀ। ਗੋਇਲ ਪਿਛਲੇ 15 ਸਾਲਾਂ ਤੋਂ ਸੈਂਟਰਲ ਡੈਪੂਟੇਸ਼ਨ 'ਤੇ ਸਨ। ਸੀ ਬੀ ਆਈ ਦੇ ਨੈਸ਼ਨਲ ਡਾਇਰੈਕਟਰ ਦੇ ਖਿਲਾਫ ਦਰਜ ਹੋਏ ਕੇਸ ਵਿੱਚ ਗੋਇਲ ਦਾ ਨਾਂਅ ਨਹੀਂ ਜੋੜਿਆ ਗਿਆ। ਇਸ ਕੇਸ ਦੀ ਸ਼ਿਕਾਇਤ ਮੁਤਾਬਕ ਗੋਇਲ ਨੇ ਬਿਜ਼ਨਸਮੈਨ ਤੋਂ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਮੋਇਨ ਕੁਰੈਸ਼ੀ ਕੁਰੱਪਸ਼ਨ ਕੇਸ ਵਿੱਚ ਮਨੋਜ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਕੇਸ ਦੀ ਡੀਲ ਕਰਾਉਣ ਵਿੱਚ 16 ਅਕਤੂਬਰ ਨੂੰ ਵਿਚੋਲੇ ਦੀ ਭੂਮਿਕਾ ਨਿਭਾਈ ਸੀ। ਮਨੋਜ ਕੁਮਾਰ ਨੇ ਜੱਜ ਦੇ ਸਾਹਮਣੇ ਦਿੱਤੀ ਸਟੇਟਮੈਂਟ ਵਿੱਚ ਗੋਇਲ ਦਾ ਨਾਂਅ ਲਿਆ ਸੀ ਤੇ ਇਹ ਕਿਹਾ ਕਿ ਰਾਕੇਸ਼ ਅਸਥਾਨਾ ਨੂੰ ਰਿਸ਼ਵਤ ਦੇ ਕੇਸ ਵਿੱਚ ਗੋਇਲ ਨੇ ਅਹਿਮ ਭੂਮਿਕਾ ਨਿਭਾਈ ਸੀ। ਸ਼ਿਕਾਇਤ ਮੁਤਾਬਕ ਰਾਅ ਦੇ ਸੈਕਿੰਡ ਸੀਨੀਅਰ ਮੋਸਟ ਅਫਸਰ ਸਾਮੰਤ ਕੁਮਾਰ ਗੋਇਲ ਸੀ ਬੀ ਆਈ ਦੇ ਅੰਦਰ ਚੱਲਦੇ ਵਸੂਲੀ ਗੈਂਗ ਦਾ ਹਿੱਸਾ ਹਨ ਅਤੇ ਉਹ ਮੋਇਨ ਕੁਰੈਸ਼ੀ ਖਿਲਾਫ ਚੱਲਦੇ ਕੇਸਾਂ ਨੂੰ ਨਿਪਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ।



ਰਾਅ ਵਿੱਚ ਸਪੈਸ਼ਲ ਸੈਕਟਰੀ ਵਜੋਂ ਸਾਮੰਤ ਕੁਮਾਰ ਗੋਇਲ ਅੱਜਕੱਲ੍ਹ ਵੈਸਟ ਏਸ਼ੀਆ ਦੇ ਮਾਮਲੇ ਦੇਖਦੇ ਹਨ ਅਤੇ ਦੱਸਿਆ ਗਿਆ ਹੈ ਕਿ ਪਿਛਲੇ ਦਿਨੀਂ ਦੁਬਈ ਵਿੱਚ ਸਾਮੰਤ ਗੋਇਲ ਤੇ ਮੋਇਨ ਕੁਰੈਸ਼ੀ ਵਿੱਚ ਲਗਾਤਾਰ ਕਈ ਮੁਲਾਕਾਤਾਂ ਹੋਈਆਂ ਸਨ। ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਨੇ ਰਾਕੇਸ਼ ਅਸਥਾਨਾ ਦੀ ਸਸਪੈਂਸ਼ਨ ਦੀ ਫਾਈਲ ਜਿੱਥੇ ਪ੍ਰਧਾਨ ਮੰਤਰੀ ਦਫਤਰ ਨੂੰ ਭੇਜ ਦਿੱਤੀ ਹੈ, ਉਥੇ ਰਾਅ ਚੀਫ ਏ ਕੇ ਧਸਮਾਨਾ ਵੀ ਸਾਮੰਤ ਗੋਇਲ ਦੀ ਸਸਪੈਂਸ਼ਨ ਦੀ ਫਾਈਲ ਮੂਵ ਕਰਨ ਜਾ ਰਹੇ ਹਨ ਅਤੇ ਕਾਰਵਾਈ ਹੋਰ ਅੱਗੇ ਵਧ ਸਕਦੀ ਹੈ।

## ਹਸਪਤਾਲ ਵਿੱਚ ਛਾਪੇ ਪਿੱਛੋਂ ਅਲਟਰਾ ਸਾਊਂਡ ਮਸ਼ੀਨ ਤੇ ਡਾਕਟਰ ਕਾਬੂ

ਤਪਾ ਮੰਡੀ, 25 ਅਕਤੂਬਰ (ਪੋਸਟ ਬਿਊਰੋ)- ਸਿਹਤ ਵਿਭਾਗ ਦੀ ਟੀਮ ਨੇ ਨੇੜਲੇ ਪਿੰਡ ਢਿਲਵਾਂ ਵਿਖੇ ਨਰਸਿੰਗ ਹੋਮ 'ਤੇ ਛਾਪਾ ਮਾਰ ਕੇ ਲਿੰਗ ਨਿਰਧਾਰਨ ਟੈਸਟ ਕਰਨ ਵਾਲੀ ਮਸ਼ੀਨ ਕਬਜ਼ੇ ਵਿੱਚ ਲੈ ਲਈ। ਡਾਕਟਰ ਗਰਭਵਤੀ ਔਰਤਾਂ ਦੇ ਪੇਟ ਵਿੱਚ ਪਲਦੇ ਬੱਚੇ ਦਾ ਲਿੰਗ ਪਤਾ ਕਰਨ ਲਈ ਟੈਸਟ ਕਰਨ ਬਦਲੇ ਮੋਟੀਆਂ ਰਕਮਾਂ ਲੈਂਦਾ ਸੀ।

ਸਿਵਲ ਸਰਜਨ ਡਾਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਨਰਸਿੰਗ ਹੋਮ ਨਾਮੀ ਨਿਜੀ ਹਸਪਤਾਲ ਵਿੱਚ ਛਾਪਾ ਮਾਰ ਕੇ ਅਲਟਰਾ ਸਾਊਂਡ ਮਸ਼ੀਨ ਸਣੇ ਝੋਲਾ ਛਾਪ ਡਾਕਟਰ ਨੂੰ ਕਾਬੂ ਕੀਤਾ ਗਿਆ ਹੈ। ਨਰਸਿੰਗ ਹੋਮ ਵਿੱਚ ਇੱਕ ਮੁਖਬਰ ਗਰਭਵਤੀ ਔਰਤ ਨੂੰ ਭੇਜਿਆ ਗਿਆ ਸੀ। ਡਾਕਟਰ ਮਨਜੀਤ ਨੇ ਦੱਸਿਆ ਕਿ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਇਸ ਹਸਪਤਾਲ ਵਿੱਚ ਲਿੰਗ ਨਿਰਧਾਰਨ ਟੈਸਟ ਕਰਵਾ ਕੇ ਭਰੂਣ ਹੱਤਿਆ ਕੀਤੀ ਜਾਂਦੀ ਹੈ। ਡਾਕਟਰ ਨੇ ਮੁਖਬਰ ਔਰਤ ਦੇ ਪੇਟ ਵਿੱਚ ਪਲਦੇ ਬੱਚੇ ਦਾ ਟੈਸਟ ਕਰਨ ਮਗਰੋਂ 10 ਹਜ਼ਾਰ ਰੁਪਏ ਫੜ ਲਏ ਤਾਂ ਸਿਹਤ ਵਿਭਾਗ ਤੇ ਪੁਲਸ ਵਿਭਾਗ ਦੀਆਂ ਟੀਮਾਂ ਨੇ ਉਸ ਨੂੰ ਕਾਬੂ ਕਰ ਲਿਆ। ਡਾਕਟਰ ਡਾਕਟਰੀ ਨਾਲ ਸੰਬੰਧਤ ਡਿਗਰੀ/ ਡਿਪਲੋਮਾ ਦੇ ਸਰਟੀਫਿਕੇਟ ਨਾ ਵਿਖਾ ਸਕਿਆ। ਸਿਵਲ ਸਰਜਨ ਬਰਨਾਲਾ ਡਾਕਟਰ ਜੁਗਲ ਕਿਸ਼ੋਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਧੰਦਾ ਇੱਕ ਸਾਲ ਤੋਂ ਚੱਲ ਰਿਹਾ ਸੀ। ਡਾਕਟਰ ਦੀ ਪਛਾਣ ਭੁਪਿੰਦਰ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਧੌਲਾ ਵਜੋਂ ਹੋਈ ਹੈ। ਬਰਨਾਲਾ ਜ਼ਿਲ੍ਹੇ ਵਿੱਚ ਚੱਲਦੇ ਉਕਤ ਸੈਂਟਰ ਦਾ ਪਰਦਾ ਫਾਸ਼ ਪਟਿਆਲਾ ਦੇ ਸਿਵਲ ਸਰਜਨ ਦੀ ਟੀਮ ਨੇ ਕੀਤਾ ਹੈ। ਛਾਪੇ ਕਾਰਨ ਕਈ ਨਿੱਜੀ ਹਸਪਤਾਲ ਦਿਨ ਭਰ ਲਈ ਬੰਦ ਰਹੇ। ਮੌਕੇ 'ਤੇ ਮੌਜੂਦ ਕੁਝ ਲੋਕ ਕਹਿ ਰਹੇ ਸਨ ਕਿ ਉਕਤ ਹਸਪਤਾਲ ਦੀਆਂ ਤਾਰਾਂ ਕਿਤੇ ਨਾ ਕਿਤੇ ਤਪਾ ਦੇ ਕਈ ਹਸਪਤਾਲਾਂ ਤੇ ਸਿਹਤ ਵਿਭਾਗ ਨਾਲ ਵੀ ਜੁੜੀਆਂ ਹੋਈਆਂ ਹਨ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਹਸਪਤਾਲ ਵਿੱਚ ਆਉਂਦੇ ਜਾਂਦੇ ਵੇਖੇ ਗਏ ਹਨ।

## ਸਫੈਦ ਰੰਗ ਦੇ ਘੋੜੇ ਨੂੰ ਕਾਲਾ ਰੰਗ ਕਰਕੇ ਵੇਚ ਛੱਡਿਆ

ਫਰੀਦਕੋਟ, 25 ਅਕਤੂਬਰ (ਪੋਸਟ ਬਿਊਰੋ)- ਥਾਣਾ ਕੋਤਵਾਲੀ ਪੁਲਸ ਨੇ ਸਫੈਦ ਰੰਗ ਦੇ ਘੋੜੇ ਨੂੰ ਕਾਲਾ ਰੰਗ ਕਰਕੇ ਮਹਿੰਗੀ ਕੀਮਤ ਉੱਤੇ ਵੇਚਣ ਦੇ ਮਾਮਲੇ ਵਿੱਚ ਇਕ ਔਰਤ ਸਮੇਤ ਅੱਠ ਵਿਅਕਤੀਆਂ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਪੁਲਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਹਰਿੰਦਰਾ ਨਗਰ ਦੇ ਕਰਮਬੀਰਇੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਉਹ ਘੋੜੇ ਰੱਖਣ ਦਾ ਸ਼ੌਕੀਨ ਹੈ। ਉਨ੍ਹਾਂ ਨੇ ਇਕ ਮਾਰਵਾੜੀ ਕਾਲੇ ਰੰਗ ਦਾ ਘੋੜਾ ਖਰੀਦਣਾ ਸੀ। ਇਸ ਸੰਬੰਧ ਵਿੱਚ ਉਹ ਮੇਵਾ ਸਿੰਘ ਪੁੱਤਰ ਹਰਪਾਲ ਸਿੰਘ, ਹਰਪਾਲ ਸਿੰਘ, ਹਰਪਾਲ ਸਿੰਘ ਦੀ ਪਤਨੀ ਨਿਵਾਸੀ ਪਟਿਆਲਾ, ਮਨਪ੍ਰੀਤ ਸਿੰਘ ਉਰਫ ਮਾਣਾ, ਗੁਰਵਿੰਦਰ ਸਿੰਘ, ਗੁਰਸੇਵਕ ਸਿੰਘ ਨਿਵਾਸੀ ਜ਼ਿਲਾ ਬਠਿੰਡਾ, ਮੰਗਲ ਖਾਨ ਵਾਸੀ ਜ਼ਿਲਾ ਸੰਗਰੂਰ ਅਤੇ ਕੁਲਜੀਤ ਸਿੰਘ ਵਾਸੀ ਭਦੌੜ ਨੂੰ ਮਿਲੇ। ਉਨ੍ਹਾਂ ਇਕ ਕਾਲਾ ਘੋੜਾ ਉਨ੍ਹਾਂ ਨੂੰ ਦਿਖਾਇਆ ਤੇ ਇਸ ਦੀ ਕੀਮਤ 24 ਲੱਖ ਰੁਪਏ ਦੱਸੀ। ਬਾਅਦ ਵਿੱਚ ਘੋੜੇ ਦਾ ਸੌਦਾ 17 ਲੱਖ 50 ਹਜ਼ਾਰ ਰੁਪਏ ਵਿੱਚ ਤੈਅ ਹੋ ਗਿਆ। ਉਨ੍ਹਾਂ ਨੇ ਪੂਰੀ ਰਕਮ ਦੇ ਕੇ ਘੋੜਾ ਖਰੀਦ ਲਿਆ। ਕੁਝ ਸਮੇਂ ਬਾਅਦ ਘੋੜੇ ਉੱਤੇ ਸਫੈਦ ਦਾਗ ਪੈਣੇ ਸ਼ੁਰੂ ਹੋ ਗਏ ਤੇ ਹੌਲੀ-ਹੌਲੀ ਉਹ ਸਫੈਦ ਹੋ ਗਿਆ। ਇਸ ਤੋਂ ਪਤਾ ਲੱਗਾ ਕਿ ਘੋੜਾ ਰੰਗ ਕਰਕੇ ਉਨ੍ਹਾਂ ਨੂੰ ਵੇਚਿਆ ਗਿਆ ਸੀ, ਜੋ ਘੱਟ ਕੀਮਤ ਦਾ ਸੀ। ਥਾਣਾ ਮੁਖੀ ਇੰਸਪੈਕਟਰ ਇਕਬਾਲ ਸਿੰਘ ਨੇ ਦੱਸਿਆ ਕਿ ਪੁਲਸ ਦੀ ਜਾਂਚ ਵਿੱਚ ਦੋਸ਼ ਸਹੀ ਮਿਲੇ ਤਾਂ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਦੋਸ਼ੀਆਂ ਦੀ ਭਾਲ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਜਲਦ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਧਰਮਵੀਰ ਗਾਂਧੀ ਤੇ ਛੋਟੇਪੁਰ ਨੇ ਆਪ ਪਾਰਟੀ ਦੇ ਏਕਤਾ ਦੇ ਢੰਗ- ਉੱਤੇ ਸਵਾਲ ਉਠਾਏ

ਚੰਡੀਗੜ੍ਹ, 25 ਅਕਤੂਬਰ (ਪੋਸਟ ਬਿਊਰੋ)- ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਤੇ ਆਮ ਆਦਮੀ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਆਪ ਪਾਰਟੀ ਦੀ ਪੰਜਾਬ ਇਕਾਈ ਦੇ ਵੱਖ-ਵੱਖ ਗਰੁੱਪਾਂ ਦੀ ਏਕਤਾ ਲਈ ਲੀਡਰਸ਼ਿਪ ਵੱਲੋਂ ਆਪਣਾਏ ਜਾ ਰਹੇ ਢੰਗਾਂ 'ਤੇ ਸਵਾਲ ਉਠਾਏ ਹਨ। ਇਨ੍ਹਾਂ ਦੋਵਾਂ ਆਗੂਆਂ ਨੇ ਕੱਲ੍ਹ ਪੰਜਾਬ ਰਾਜ ਭਵਨ 'ਚ ਇੱਕ ਮੀਟਿੰਗ 'ਚ ਸ਼ਾਮਲ ਹੋਣ ਤੋਂ ਬਾਅਦ ਕਿਹਾ ਕਿ ਕੀਤੇ ਜਾ ਰਹੇ ਯਤਨਾਂ ਵਿੱਚ ਗੰਭੀਰਤਾ ਨਹੀਂ ਅਤੇ ਇਸ ਤਰ੍ਹਾਂ ਪਾਰਟੀਆਂ ਵਿੱਚ ਏਕੇ ਨਹੀਂ ਹੁੰਦੇ। ਦੋਵਾਂ ਆਗੂਆਂ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਨਾਲ ਪ੍ਰਦੇਸ਼ ਲੀਡਰਸ਼ਿਪ ਵੱਲੋਂ ਏਕਤਾ ਦੀ ਗੱਲਬਾਤ ਲਈ ਕੋਈ ਸਿੱਧਾ ਸੰਪਰਕ ਕੀਤਾ ਜਾ ਰਿਹਾ।



ਡਾਕਟਰ ਧਰਮਵੀਰ ਗਾਂਧੀ ਦਾ ਕਹਿਣਾ ਹੈ ਕਿ ਛੋਟੇਪੁਰ ਦੀ ਅਗਵਾਈ ਵਿੱਚ ਪਾਰਟੀ ਨੇ ਕਿਸੇ ਸਮੇਂ ਚੰਗੀ ਚੜ੍ਹਤ ਪ੍ਰਾਪਤ ਕਰ ਲਈ ਸੀ, ਪਰ ਬਾਅਦ ਵਿੱਚ ਕਈ ਚੰਗੇ ਆਗੂਆਂ ਦੇ ਪਾਰਟੀ 'ਚੋਂ ਬਾਹਰ ਜਾਣ ਨਾਲ ਗਿਰਾਵਟ ਸ਼ੁਰੂ ਹੋਈ, ਸਰਕਾਰ ਬਣਾਉਣ ਚੱਲੀ ਪਾਰਟੀ 20 ਸੀਟਾਂ ਉੱਤੇ ਜਾ ਖੜੋਤੀ ਅਤੇ ਉਸ ਤੋਂ ਬਾਅਦ ਉਪ ਚੋਣਾਂ 'ਚ ਬਿਲਕੁਲ ਹੀ ਆਧਾਰ ਖਤਮ ਹੁੰਦਾ ਦਿਖਾਈ ਦਿੱਤਾ। ਗਾਂਧੀ ਨੇ ਕਿਹਾ ਕਿ ਹਵਾ ਵਿੱਚ ਤੀਰ ਮਾਰ ਕੇ ਏਕਤਾ ਨਹੀਂ ਹੋ ਸਕਦੀ, ਬਲਕਿ ਪਾਰਟੀ ਦੇ ਗਿਰਾਵਟ 'ਚ ਜਾਣ ਤੋਂ ਪਹਿਲਾਂ ਦੀਆਂ ਗਲਤੀਆਂ ਦਾ ਵਿਸ਼ਲੇਸ਼ਣ ਕਰਨਾ ਪਵੇਗਾ।

ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸਭ ਤੋਂ ਪਹਿਲਾਂ ਪਾਰਟੀ 'ਤੇ ਦਿੱਲੀ ਦਾ ਗਲਬਾ ਖਤਮ ਕਰਨਾ ਪਵੇਗਾ। ਪਿਛਲੇ ਸਮੇਂ ਵਿੱਚ ਕੀਤੀਆਂ ਸਭ ਗਲਤੀਆਂ ਦਾ ਪੂਰਾ ਹਿਸਾਬ ਕਰ ਕੇ ਲੋਕਾਂ ਦੀ ਜ਼ਿੰਮੇਵਾਰੀ ਫਿਕਸ ਕਰਨੀ ਹੋਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਵਿੱਚ ਉਨ੍ਹਾਂ ਨਾਲ ਪੰਜਾਬ ਦੇ ਆਗੂਆਂ ਨੇ ਸੰਪਰਕ ਕਰ ਕੇ ਗੱਲ ਸ਼ੁਰੂ ਕੀਤੀ ਸੀ, ਪਰ ਉਸ ਪਿੱਛੋਂ ਕੋਈ ਗੱਲ ਅੱਗੇ ਨਹੀਂ ਤੁਰੀ। ਛੋਟੇਪੁਰ ਦਾ ਕਹਿਣਾ ਹੈ ਕਿ ਸ਼ਾਇਦ ਜੋ ਕੌੜੀਆਂ ਗੱਲਾਂ ਉਨ੍ਹਾਂ ਨੇ ਏਕਤਾ ਦੀ ਗੱਲ ਅੱਗੇ ਤੋਰਨ ਲਈ ਕਹੀਆਂ ਸਨ, ਉਹ ਉਨ੍ਹਾਂ ਨੂੰ ਚੰਗੀਆਂ ਨਹੀਂ ਲੱਗੀਆਂ ਹੋਣੀਆਂ ਜਿਸ ਕਰ ਕੇ ਬਾਅਦ ਵਿੱਚ ਫਿਰ ਤੋਂ ਅਜਿਹਾ ਯਤਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਵੱਲੋਂ ਗਲਤੀਆਂ ਦਾ ਅਹਿਸਾਸ ਕੀਤੇ ਬਿਨਾਂ ਏਕਤਾ ਸੰਭਵ ਨਹੀਂ।

## ਰਿਫਰੈਂਡਮ 2020 ਦਾ ਇੱਕ ਹੋਰ ਪ੍ਰਮੋਟਰ ਯੂ ਪੀ ਤੋਂ ਕਾਬੂ

ਅੰਮ੍ਰਿਤਸਰ, 25 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਪੁਲਸ ਕਮਿਸ਼ਨਰੇਟ ਦੇ ਸੀ ਆਈ ਏ ਸਟਾਫ ਦੀ ਪੁਲਸ ਨੇ ਰਿਫਰੈਂਡਮ 2020 ਦੇ ਇੱਕ ਪ੍ਰਮੋਟਰ ਨੂੰ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਨੇੜੇ ਕੱਲ੍ਹ ਸਵੇਰੇ ਗ੍ਰਿਫਤਾਰ ਕਰ ਲਿਆ। ਛੇ ਮੈਂਬਰਾਂ ਦੀ ਪੁਲਸ ਟੀਮ ਰਾਤ ਨੂੰ ਦੋਸ਼ੀ ਨੂੰ ਲੈ ਕੇ ਅੰਮ੍ਰਿਤਸਰ ਪਹੁੰਚੀ ਹੈ।

ਪੁਲਸ ਟੀਮ ਦੇ ਇੱਕ ਅਫਸਰ ਨੇ ਦੱਸਿਆ ਕਿ 18 ਅਕਤੂਬਰ ਨੂੰ ਫੜੇ ਗਏ ਸੁਖਰਾਜ ਸਿੰਘ ਅਤੇ ਉਸ ਦੇ ਸਾਥੀ ਮਲਕੀਅਤ ਸਿੰਘ ਉਸ ਦੋਸ਼ੀ ਦੇ ਇਸ਼ਾਰੇ 'ਤੇ ਕੰਮ ਕਰਦੇ ਸਨ। ਸੀ ਆਈ ਏ ਸਟਾਫ ਦੇ ਇੰਸਪੈਕਟਰ ਵਰਿੰਦਰ ਮਹਾਜਨ ਨੇ ਦੱਸਿਆ ਕਿ ਸੁਰੱਖਿਆ ਕਾਰਨਾਂ ਕਰ ਕੇ ਫੜੇ ਗਏ ਦੋਸ਼ੀ ਦਾ ਨਾਂਅ ਨਹੀਂ ਦੱਸ ਸਕਦੇ, ਪਰ ਦੋਸ਼ੀਆਂ ਦਾ ਨੈੱਟਵਰਕ ਦੂਰ ਤੱਕ ਫੈਲਿਆ ਹੋਇਆ ਹੈ। ਆਉਂਦੇ ਦਿਨਾਂ ਵਿੱਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਉਤਰਾਖੰਡ ਤੋਂ ਕਈ ਗ੍ਰਿਫਤਾਰੀਆਂ ਹੋ ਸਕਦੀਆਂ ਹਨ। ਦੱਸਿਆ ਜਾਂਦਾ ਹੈ ਕਿ ਅੰਮ੍ਰਿਤਸਰ ਦੇ ਮਹੱਤਵ ਪੂਰਨ ਟਿਕਾਣਿਆਂ 'ਤੇ ਰਿਫਰੈਂਡਮ 2020 ਦੇ ਪੋਸਟਰ ਲਾ ਕੇ ਸੱਜੇ ਪੱਖੀ ਨੇਤਾਵਾਂ ਨੂੰ ਸੋਸ਼ਲ ਮੀਡੀਆ ਦੇ ਰਾਹੀਂ ਫੋਟੋਗਰਾਫ ਭੇਜਣ ਲਈ ਉੱਤਰ ਪ੍ਰਦੇਸ਼ ਤੋਂ ਫੜੇ ਗਏ। ਦੋਸ਼ੀ ਨੇ ਅੰਮ੍ਰਿਤਸਰ ਵਿੱਚ ਸੁਲਤਾਨਵਿੰਡ ਰੋਡ ਦੇ ਕੋਟ ਮਿਤ ਸਿੰਘ ਦੇ ਪੱਤੀ ਬਹਿਨੀਵਾਲ ਵਾਸੀ ਸੁਖਰਾਜ ਸਿੰਘ ਨੂੰ ਚੁਣਿਆ ਸੀ। ਸੁਖਰਾਜ ਨੇ ਆਪਣੇ ਨਾਲ ਮਲਕੀਅਤ ਸਿੰਘ ਨੂੰ ਜੋੜ ਲਿਆ। ਜਾਂਚ ਵਿੱਚ ਪਤਾ ਲੱਗਾ ਕਿ ਉੱਤਰ ਪ੍ਰਦੇਸ਼ ਵਿੱਚੋਂ ਫੜਿਆ ਗਿਆ ਨੌਜਵਾਨ ਮਹੀਨੇ ਵਿੱਚ ਤਿੰਨ ਵਾਰ ਅੰਮ੍ਰਿਤਸਰ ਦਾ ਚੱਕਰ ਲਾਉਂਦਾ ਹੈ। ਉਸ ਦੇ ਨਿਸ਼ਾਨੇ 'ਤੇ ਬੇਰੋਜ਼ਗਾਰ ਨੌਜਵਾਨ ਹਨ।

## ਪਤੀ ਰੁੱਖ ਨਾਲ ਫਾਹਾ ਲਾ ਕੇ ਖੁਦਕੁਸ਼ੀ

ਮਮਦੋਟ, 25 ਅਕਤੂਬਰ (ਪੋਸਟ ਬਿਊਰੋ)- ਪਿੰਡ ਭਾਵੜਾ ਆਜ਼ਮ ਸਾਹ ਵਿੱਚ ਕੱਲ੍ਹ ਇੱਕ ਨੌਜਵਾਨ ਨੇ ਆਪਣੀ ਪਤਨੀ ਦੀ ਹੱਤਿਆ ਕਰ ਕੇ ਖੁਦ ਰੁੱਖ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਬਲਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਵੱਡੇ ਬੇਟੇ ਸਵਰਨ ਸਿੰਘ ਦੇ ਦੋ ਬੱਚੇ ਹਨ। ਸਵਰਨ ਸਿੰਘ ਝੋਨੇ ਦੀ ਕਟਾਈ ਦਾ ਸੀਜਨ ਲਾ ਕੇ ਚਾਰ ਦਿਨ ਪਹਿਲਾਂ ਘਰ ਆਇਆ ਸੀ ਤੇ ਤਦ ਤੋਂ ਉਹ ਪ੍ਰੇਸ਼ਾਨ ਸੀ। ਕਿਸੇ ਨਾਲ ਗੱਲ ਵੀ ਘੱਟ ਹੀ ਕਰਦਾ ਸੀ। ਬਲਬੀਰ ਸਿੰਘ ਦੇ ਮੁਤਾਬਕ ਕੱਲ੍ਹ ਸਵੇਰੇ ਸਵਰਨ ਸਿੰਘ ਨੇ ਪਾਠ ਕੀਤਾ ਤੇ ਮੈਨੂੰ ਉਠਾ ਕੇ ਪਾਠ ਕਰਨ ਗੁਰਦੁਆਰਾ ਸਾਹਿਬ ਭੇਜ ਦਿੱਤਾ। ਬਾਅਦ ਵਿੱਚ ਉਨ੍ਹਾਂ ਨੂੰ ਫੋਨ ਆਇਆ ਕਿ ਘਰ ਵਿੱਚ ਉਸ ਦੇ ਬੇਟੇ ਸਵਰਨ ਸਿੰਘ ਨੇ ਆਪਣੀ ਪਤਨੀ ਪਰਮਜੀਤ ਕੌਰ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਹੈ ਤੇ ਘਰੋਂ ਭੱਜ ਗਿਆ ਹੈ। ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਸਵਰਨ ਸਿੰਘ ਦੀ ਤਲਾਸ਼ ਸ਼ੁਰੂ ਕੀਤੀ ਤਾਂ ਘਰ ਦੇ ਨੇੜੇ ਬਣੇ ਖੇਤਾਂ ਵਿੱਚ ਸਵਰਨ ਸਿੰਘ ਦਾ ਲਾਸ਼ ਲਟਕੀ ਮਿਲੀ। ਪਿੰਡ ਦੇ ਲੋਕਾਂ ਨੇ ਦੱਸਿਆ ਦੱਸਿਆ ਕਿ ਸਵਰਨ ਸਿੰਘ ਕੁਝ ਸਾਲ ਪਹਿਲਾਂ ਪੀਰ ਬਾਬਾ ਦੀ ਚੌਕੀ ਲਗਾਉਂਦਾ ਸੀ। ਇਹ ਕੰਮ ਬਾਅਦ ਵਿੱਚ ਛੱਡ ਦਿੱਤਾ। ਇਸ ਦੇ ਬਾਅਦ ਉਹ ਕਾਫੀ ਡਿਪਰੈਸ਼ਨ ਵਿੱਚ ਚਲਾ ਗਿਆ।

## ਕਰਵਾ ਚੌਥ ਦਾ ਸਾਮਾਨ ਦੇਣ ਆਏ ਬਾਪ ਨੂੰ ਧੀ ਦੀ ਲਾਸ਼ ਮਿਲੀ

ਲੁਧਿਆਣਾ, 25 ਅਕਤੂਬਰ (ਪੋਸਟ ਬਿਊਰੋ)- 12 ਦਿਨ ਪਹਿਲਾਂ ਜਿਸ ਲਾਡਲੀ ਬੇਟੀ ਨੂੰ ਵਿਆਹ ਦੇ ਲਾਲ ਜੋੜੇ ਵਿੱਚ ਤੋਰਿਆ ਸੀ, ਉਹ ਕੱਲ੍ਹ ਪਿਤਾ ਸਾਹਮਣੇ ਸਫੈਦ ਕਫਨ ਵਿੱਚ ਲਿਪਟੀ ਹੋਈ ਸੀ। ਕਿਸੇ ਨੂੰ ਉਸ ਦੀ ਮੌਤ 'ਤੇ ਯਕੀਨ ਨਹੀਂ ਹੋ ਰਿਹਾ ਸੀ। ਮ੍ਰਿਤਕ ਦਾ ਨਾਂਅ ਅਮਨਦੀਪ ਸ਼ਰਮਾ (25) ਹੈ।

ਅਮਨਦੀਪ ਸ਼ਰਮਾ ਦੇ ਪੇਕੇ ਪਿੰਡ ਕਨੇਰਾ, ਬੰਗਾ ਵਿੱਚ ਹਨ। ਉਸ ਦੇ ਪਿਤਾ ਪਰਮਜੀਤ ਪਾਵਰਕਾਮ ਦੇ ਲਾਈਨਮੈਨ ਹਨ ਅਤੇ ਉਨ੍ਹਾਂ ਦੀਆਂ ਤਿੰਨ ਬੇਟੀਆਂ ਹਨ, ਅਮਨਦੀਪ ਸਭ ਤੋਂ ਵੱਡੀ ਸੀ। 12 ਅਕਤੂਬਰ ਨੂੰ ਅਮਨਦੀਪ ਦਾ ਵਿਆਹ ਚਿਮਨੀ ਰੋਡ ਦੇ ਰਹਿਣ ਵਾਲੇ ਨੌਜਵਾਨ ਨਾਲ ਹੋਇਆ ਸੀ। ਉਸ ਦਾ ਪਤੀ ਦੋਰਾਹਾ ਦੀ ਇੱਕ ਕੰਪਨੀ ਵਿੱਚ ਕੰਮ ਕਰਦਾ ਹੈ। ਫੇਰਾ ਪਾਉਣ ਦੇ ਬਾਅਦ ਤਿੰਨ-ਚਾਰ ਦਿਨ ਅਮਨਦੀਪ ਪੇਕੇ ਰਹੀ। ਐਤਵਾਰ ਹੀ ਉਹ ਸਹੁਰੇ ਆਈ ਸੀ। ਪਰਮਜੀਤ ਨੇ ਦੱਸਿਆ ਕਿ ਮੰਗਲਵਾਰ ਨੂੰ ਉਸ ਦੀ ਫੋਨ 'ਤੇ ਬੇਟੀ ਨਾਲ ਗੱਲ ਹੋਈ ਸੀ। ਉਹ ਖੁਸ਼ ਸੀ ਅਤੇ ਉਨ੍ਹਾਂ ਨੂੰ ਕਰਵਾ ਚੌਥ ਦਾ ਵਰਤ ਲੈ ਕੇ ਆਉਣ ਦੀ ਗੱਲ ਕਹੀ ਸੀ। ਉਨ੍ਹਾਂ ਨੇ ਉਸ ਨੂੰ ਬੁੱਧਵਾਰ ਆਉਣ ਦੀ ਗੱਲ ਕਹੀ ਸੀ। ਪਰਮਜੀਤ ਮੁਤਾਬਕ ਸ਼ਾਮ ਕਰੀਬ ਸਾਢੇ ਛੇ ਵਜੇ ਅਮਨਦੀਪ ਦੇ ਸਹੁਰਿਆਂ ਦਾ ਫੋਨ ਆਇਆ ਕਿ ਉਨ੍ਹਾਂ ਦੀ ਬੇਟੀ ਦੀ ਅਚਾਨਕ ਸਿਹਤ ਖਰਾਬ ਹੋ ਗਈ ਹੈ, ਪਰ ਉਸ ਦੀ ਹਾਲਤ ਠੀਕ ਹੈ। ਉਨ੍ਹਾਂ ਨੇ ਬੇਟੀ ਦਾ ਹਾਲ ਜਾਨਣ ਲਈ ਲੁਧਿਆਣਾ ਵਿੱਚ ਰਹਿੰਦੀ ਆਪਣੀ ਇੱਕ ਰਿਸ਼ਤੇਦਾਰ ਨੂੰ ਭੇਜਿਆ। ਉਹ ਹਸਪਤਾਲ ਜਾ ਕੇ ਆਈ ਤੇ ਦੱਸਿਆ ਕਿ ਅਮਨਦੀਪ ਠੀਕ ਹੈ। ਪਰਮਜੀਤ ਦਾ ਕਹਿਣਾ ਹੈ ਕਿ ਕੱਲ੍ਹ ਉਹ ਕਰਵਾ ਚੌਥ ਦਾ ਵਰਤ ਲੈ ਕੇ ਲੁਧਿਆਣਾ ਆਏ, ਪਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਲਾਡਲੀ ਦੁਨੀਆ ਛੱਡ ਚੁੱਕੀ ਸੀ।

















# ਚੀਫ ਸੈਕਟਰੀ ਦੇ ਕੁੱਟਮਾਰ ਕੇਸ ਵਿੱਚ ਕੇਜਰੀਵਾਲ-ਸਿਸੋਦੀਆ ਨੂੰ ਜ਼ਮਾਨਤ ਮਿਲੀ



ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਦਿੱਲੀ ਸਰਕਾਰ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਬਦਸਲੂਕੀ ਦੇ ਕੇਸ ’ਚ ਵੀਰਵਾਰ ਨੂੰ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਸਮੇਤ 13 ਦੋਸ਼ੀ ਦਿੱਲੀ ਦੀ ਪਟਿਆਲਾ ਹਾਊਸ ਕੋਰਟ ’ਚ ਪੇਸ਼ ਹੋਏ। ਕੋਰਟ ਨੇ ਪੇਸ਼ ਹੋਣ ਤੋਂ ਬਾਅਦ ਸਾਰਿਆਂ ਨੂੰ ਜ਼ਮਾਨਤ ਦੇ ਦਿੱਤੀ ਹੈ।

ਪਿਛਲੀ ਸੁਣਵਾਈ ਦੌਰਾਨ ਕੋਰਟ ਨੇ ਸੰਮਨ ਜਾਰੀ ਕਰ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਸਮੇਤ 13 ਦੋਸ਼ੀਆਂ ਨੂੰ 25 ਅਕਤੂਬਰ ਤਕ ਕੋਰਟ ਸਾਹਮਣੇ ਪੇਸ਼ ਹੋਣ ਨੂੰ ਕਿਹਾ ਸੀ। ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਬਦਸਲੂਕੀ ਅਤੇ ਮਾਰਕੁੱਟ ਦੇ ਕੇਸ ’ਚ ਤਿਆਰ ਚਾਰਜਸ਼ੀਟ ਦਿੱਲੀ ਪੁਲਿਸ ਪਟਿਆਲਾ ਹਾਊਸ ਕੋਰਟ ’ਚ ਦਾਖਲ ਕਰ ਚੁੱਕੀ ਹੈ। ਇਸ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ 13 ਵਿਧਾਇਕਾਂ ਨੂੰ ਦੋਸ਼ੀ ਬਣਾਇਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਮਾਰਕੁੱਟ ਮਾਮਲੇ ’ਚ ਪੁਲਿਸ ਨੇ ਸਬੂਤਾਂ ਦੇ ਆਧਾਰ ’ਤੇ ਜਿਸ ਤਰੀਕੇ ਨਾਲ ਮਜ਼ਬੂਤ ਚਾਰਜਸ਼ੀਟ ਬਣਾਈ ਹੈ, ਉਹ ਕੇਜਰੀਵਾਲ ਸਰਕਾਰ ਲਈ ਮੁਸ਼ਕਲ ਬਣ ਸਕਦੀ ਹੈ। ਪੁਲਿਸ ਦੇ ਮੁਤਾਬਿਕ ਮੁੱਖ ਸਕੱਤਰ ਕੋਲੋਂ ਕੇਵਲ ਮੁੱਖ ਮੰਤਰੀ ਤੇ ਉਪ-ਮੁੱਖ ਮੰਤਰੀ ਹੀ ਪੁੱਛਗਿੱਛ ਕਰ ਸਕਦੇ ਹਨ ਤੇ ਉਨ੍ਹਾਂ ਨੂੰ ਮੀਟਿੰਗ ਲਈ ਬੁਲਾ ਸਕਦੇ ਹਨ, ਪਰ ਇਸ ਕੇਸ ’ਚ ਮੁੱਖ ਸਕੱਤਰ ਨੂੰ ਬੁਲਾਉਣ ਤੋਂ ਬਾਅਦ ਕੇਜਰੀਵਾਲ ਨੇ ਉਸ ਨੂੰ ਵਿਧਾਇਕਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਸੀ।

# ਦੀਵਾਲੀ ਤੋਂ ਪਹਿਲਾਂ ਦਿੱਲੀ ਦੀ ਹਵਾ ਲੋਕਾਂ ਦੀ ਸਿਹਤ ਲਈ ਖ਼ਤਰਾ ਬਣੀ



ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਦੀਵਾਲੀ ਤੋਂ ਪਹਿਲਾਂ ਭਾਰਤ ਦੀ ਰਾਜਧਾਨੀ ਦਿੱਲੀ ਦੀ ਹਵਾ ਲੋਕਾਂ ਲਈ ਖਤਰਾ ਬਣਦੀ ਜਾ ਰਹੀ ਹੈ। ਪ੍ਰਦੂਸ਼ਣ ਦੀ ਸਥਿਤੀ ਵਿਗੜਨ ਨਾਲ ਹਾਲਾਤ ਹੋਰ ਚਿੰਤਾ ਜਨਕ ਬਣ ਗਏ ਹਨ। ਬੁੱਧਵਾਰ ਨੂੰ ਦਿੱਲੀ ਦੀ ਹਵਾ ਕੁਆਲਿਟੀ ਦਾ ਲੈਵਲ (ਏ ਕਿਊ ਆਈ) 328 ਹੋ ਗਿਆ, ਜੋ ਬਹੁਤ ਖਰਾਬ ਹੈ। ਮੁੰਡਕਾ ’ਚ ਰਾਤ 8 ਵਜੇ ਏ ਆਈ ਕਿਊ 999 ਤੱਕ ਪਹੁੰਚ ਗਿਆ। ਇਹ ਲੈਵਲ ਬਹੁਤ ਗੰਭੀਰ ਸ਼੍ਰੇਣੀ ਤੋਂ ਵੱਧ ਖਤਰਨਾਕ ਹੈ।

ਪੂਰਬੀ ਦਿੱਲੀ ’ਚ ਇਹਾਬਾਸ ਦੇ ਕੋਲ ਸਭ ਤੋਂ ਘੱਟ ਏ ਆਈ ਕਿਊ 73 ਰਿਹਾ, ਜੋ ਚਿੰਤਾ ਜਨਕ ਸ਼੍ਰੇਣੀ ਵਿੱਚ ਹੈ। ਜਿਵੇਂ-ਜਿਵੇਂ ਠੰਡ ਵਧ ਰਹੀ ਹੈ, ਸਾਹ ਧੂੰਆਂ-ਧੂੰਆਂ ਹੋ ਰਿਹਾ ਹੈ। ਇਸ ਦਾ ਮਤਲਬ ਪ੍ਰਦੂਸ਼ਣ ਖਤਰਨਾਕ ਹੁੰਦਾ ਜਾਂਦਾ ਹੈ। ਦਿੱਲੀ ਸਰਕਾਰ ਅਤੇ ਦਿੱਲੀ ਨਗਰ ਨਿਗਮਾਂ ਦੇ ਯਤਨਾਂ ਦੇ ਬਾਵਜੂਦ ਸਥਿਤੀ ਕੰਟਰੋਲ ਨਹੀਂ ਹੋ ਰਹੀ। ਆਰ ਕੇ ਪੁਰਮ ’ਚ ਲਗਭਗ ਰਾਤ 8 ਵਜੇ ਪੀ ਐਮ 2.5 ਦਾ ਲੈਵਲ 360 ਅਤੇ ਪੀ. ਐੱਮ 10 ਦਾ ਲੈਵਲ 542 ਰਿਹਾ। ਮੌਸਮ ਵਿਭਾਗ ਦੇ ਅਨੁਸਾਰ ਬੁੱਧਵਾਰ ਨੂੰ ਦਿੱਲੀ ’ਚ ਘੱਟ ਤੋਂ ਘੱਟ ਤਾਪਮਾਨ 17 ਡਿਗਰੀ ਸੈਲਸੀਅਸ ਅਤੇ ਵੱਧ ਤੋਂ ਵੱਧ ਤਾਪਮਾਨ 34 ਡਿਗਰੀ ਦਰਜ ਕੀਤਾ ਗਿਆ ਹੈ। ਹਵਾ ’ਚ ਨਮੀ ਦਾ ਲੈਵਲ 32 ਫੀਸਦੀ ਰਿਕਾਰਡ ਕੀਤਾ ਗਿਆ ਹੈ।

ਰਾਜਧਾਨੀ ਦਿੱਲੀ ਵਿੱਚ ਪ੍ਰਦੂਸ਼ਣ ਵਾਲੇ ਵਾਹਨਾਂ ’ਤੇ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਟਰਾਂਸਪੋਰਟ ਵਿਭਾਗ ਨੇ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ਵਿੱਚ 10 ਹਜ਼ਾਰ ਤੋਂ ਜ਼ਿਆਦਾ ਵਾਹਨਾਂ ਦੇ ਚਲਾਨ ਕੱਟੇ ਹਨ। ਇਸ ਤੋਂ ਇਲਾਵਾ 15 ਸਾਲ ਪੁਰਾਣੇ 148 ਵਾਹਨ ਵੀ ਜਬਤ ਕੀਤੇ ਹਨ। ਪ੍ਰਦੂਸ਼ਣ ਵਾਲੇ ਵਾਹਨਾਂ ’ਤੇ ਕਾਰਵਾਈ ਲਈ 60 ਟੀਮਾਂ ਕੰਮ ਕਰ ਰਹੀਆਂ ਹਨ। ਆਉਂਦੇ ਦਿਨਾਂ ’ਚ ਇਹ ਮੁਹਿੰਮ ਹੋਰ ਤੇਜ਼ ਹੋਵੇਗੀ। ਇਸ ਵਿੱਚ ਸੋਸ਼ਲ ਮੀਡੀਆ ਦੀ ਮਦਦ ਵੀ ਲਈ ਜਾ ਰਹੀ ਹੈ। ਟਰਾਂਸਪੋਰਟ ਕਮਿਸ਼ਨਰ ਵਰਸ਼ਾ ਜੋਸ਼ੀ ਨੇ ਲੋਕਾਂ ਨੂੰ ਟਵਿੱਟਰ ਰਾਹੀਂ ਜਾਣਕਾਰੀ ਦਿੱਤੀ ਕਿ ਅਜਿਹੇ ਵਾਹਨਾਂ ਦੀ ਜਾਣਕਾਰੀ ਅਤੇ ਉਨ੍ਹਾਂ ਦੀ ਫੋਟੋ ਸਾਂਝੀ ਕਰਨ ਦੀ ਅਪੀਲ ਕੀਤੀ ਹੈ, ਜੋ ਪ੍ਰਦੂਸ਼ਣ ਫੈਲਾ ਰਹੇ ਹਨ। ਵਿਭਾਗ ਅਜਿਹੀ ਜਾਣਕਾਰੀ ਨੂੰ ਕੰਟਰੋਲ ਰੂਮ ਨੂੰ ਭੇਜ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਚੇਤਾਵਨੀ ਪਹਿਲਾਂ ਤੋਂ ਜਾਰੀ ਕੀਤੀ ਗਈ ਹੈ ਕਿ ਲੋਕ ਬੇਲੋੜ ਘਰੋਂ ਬਾਹਰ ਨਾ ਨਿਕਲਣ। ਅਸਥਮਾ ਦੇ ਰੋਗੀਆਂ ਨੂੰ ਖਾਸ ਹਦਾਇਤ ਦਿੱਤੀ ਗਈ ਹੈ ਅਤੇ ਸੀਨੇ ’ਚ ਦਰਦ ਹੋਣ ’ਤੇ ਘਰੋਂ ਬਾਹਰ ਨਾ ਨਿਕਲਣ ਅਤੇ ਮਾਸਕ ਲਗਾਉਣ ਦੀ ਸਲਾਹ ਜ਼ਰੂਰ ਅਪਣਾਉਣ।

# ਕੇਰਲਾ ਵਿੱਚ ਵਿਧਾਇਕਾਂ ਲਈ ਅੱਸੀ ਕਰੋੜ ਦੇ ਅਪਾਰਟਮੈਂਟ ਦਾ ਵਿਵਾਦ

ਤਿਰਵਨੰਤਪੁਰਮ, 25 ਅਕਤੂਬਰ (ਪੋਸਟ ਬਿਊਰੋ)- ਸਦੀ ਦੇ ਸਭ ਤੋਂ ਮਾਰੂ ਹੜ੍ਹ ਦਾ ਸਾਹਮਣਾ ਕਰਨ ਪਿੱਛੋਂ ਕੇਰਲਾ ਆਪਣੇ ਪੈਰਾਂ 'ਤੇ ਖੜਾ ਹੋਣ ਲਈ ਹਰ ਸੰਭਵ ਤਰੀਕੇ ਨਾਲ ਫੰਡ ਇਕੱਠਾ ਕਰ ਰਿਹਾ ਹੈ। ਇਸ ਹਾਲਤ ਵਿੱਚ ਸੂਬੇ ਦੇ ਵਿਧਾਇਕਾਂ ਲਈ ਪ੍ਰਸਤਾਵਿਤ ਅੱਸੀ ਕਰੋੜ ਰੁਪਏ ਦੇ ਅਪਾਰਟਮੈਂਟ ਕੰਪਲੈਕਸ ਦਾ ਵਿਵਾਦ ਖੜ੍ਹਾ ਹੋ ਗਿਆ ਹੈ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਪ੍ਰਸਤਾਵਿਤ ਯੋਜਨਾ ਰਾਜਧਾਨੀ ਦੇ ਵਿਚਾਲੇ ਪੁਰਾਣੇ ਵਿਧਾਇਕ ਕੰਪਲੈਕਸ ਨੂੰ ਢਾਹ ਕੇ ਉਸ ਦੀ ਜਗ੍ਹਾ ਇੱਕ ਬਹੁ-ਮੰਜ਼ਿਲ ਰਿਹਾਇਸ਼ੀ ਕੰਪਲੈਕਸ ਦਾ ਉਸਾਰੀ ਕਰਨੀ ਹੈ। ਕਾਂਗਰਸ ਦੇ ਸੀਨੀਅਰ ਨੇਤਾ ਅਤੇ ਕੇਰਲਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀ ਐੱਮ ਸੁਧੀਰਨ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਧਾਇਕਾਂ ਨੂੰ ਆਪਣੀ ਕਾਰਜ ਸਮਰੱਥਾ ਸੁਧਾਰਨ ਲਈ ਸਹੂਲਤ ਮਿਲਣੀ ਚਾਹੀਦੀ ਹੈ, ਪਰ ਇਸ ਵੇਲੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਨਾਲ ਅੱਗੇ ਵਧਣਾ ਹੈਰਾਨ ਕਰਨ ਵਾਲਾ ਹੈ। ਉਨ੍ਹਾਂ ਕਿਹਾ, ਹੜ੍ਹ ਨਾਲ ਪੈਦਾ ਸਭ ਤੋਂ ਵੱਡੇ ਸੰਕਟ ਤੋਂ ਪ੍ਰਭਾਵਤ ਸੂਬੇ ਵਿੱਚ ਸਾਰੀਆਂ ਕੋਸ਼ਿਸ਼ਾਂ ਅਤੇ ਫੰਡ ਸਾਡੇ ਸੂਬੇ ਦੀ ਮੁੜ ਉਸਾਰੀ ਵਿੱਚ ਲਾਉਣੇ ਚਾਹੀਦੇ ਹਨ। ਲੱਖਾਂ ਲੋਕ ਇਸ ਨਾਲ ਜੂਝ ਰਹੇ ਹਨ। ਮੈਂ ਇਹ ਨਹੀਂ ਕਹਾਂਗਾ ਕਿ ਪ੍ਰੋਜੈਕਟ ਰੱਦ ਕਰ ਦੇਣਾ ਚਾਹੀਦਾ ਹੈ, ਪਰ ਇਹ ਕੰਮ ਅਜੇ ਨਹੀਂ ਹੋਣਾ ਚਾਹੀਦਾ।

ਇੱਕ ਅੰਦਾਜ਼ੇ ਮੁਤਾਬਕ ਹੜ੍ਹ ਨਾਲ ਸੂਬੇ ਵਿੱਚ ਚਾਲੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਬਰਬਾਦ ਹੋ ਗਈ ਹੈ। ਮੁੱਖ ਮੰਤਰੀ ਪੀ ਵਿਜਯਨ ਦੀ ਸਰਕਾਰ ਨੇ ਸੂਬੇ ਵਿੱਚ ਮੁੜ ਉਸਾਰੀ ਲਈ ਸਭ ਨੂੰ ਇੱਕ ਮਹੀਨੇ ਦੀ ਤਨਖਾਹ ਦਾ ਯੋਗਦਾਨ ਦੇਣ ਲਈ ਅਪੀਲ ਕੀਤੀ ਹੈ। ਮਾਮਲਾ ਮੀਡੀਆ ਵਿੱਚ ਆਉਣ ਪਿੱਛੋਂ ਵਿਧਾਨ ਸਭਾ ਸਪੀਕਰ ਪੀ ਸ੍ਰੀਰਾਮ ਕ੍ਰਿਸ਼ਨਨ ਨੇ ਸੰਬੰਧਤ ਅਧਿਕਾਰੀਆਂ ਨੂੰ ਪ੍ਰੋਜੈਕਟ 'ਤੇ ਮੱਠੀ ਰਫਤਾਰ ਨਾਲ ਅੱਗੇ ਵਧਣ ਲਈ ਕਿਹਾ ਹੈ।

## ਮੈਨੂੰ ਆਪਣੀ ‘ਆਈਟਮ ਗਰਲ’ ਬਣਾ ਰੱਖਿਐ: ਆਜ਼ਮ

ਲਖਨਊ, 25 ਅਕਤੂਬਰ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਜਨਰਲ ਸਕੱਤਰ ਆਜ਼ਮ ਖਾਨ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਕੋਲ ਕੋਈ ਜਾਇਦਾਦ ਨਹੀਂ, ਉਨ੍ਹਾਂ ਦਾ ਸਿਰਫ ਇੱਕ ਬੈਂਕ ਖਾਤਾ ਹੈ ਜਿਹੜਾ ਵਿਧਾਨ ਭਵਨ ਵਿਚਲੇ ਐੱਸ ਬੀ ਆਈ ਦੀ ਬ੍ਰਾਂਚ ਵਿੱਚ ਹੈ। ਇਸ ਤੋਂ ਬਿਨਾ ਜੇ ਦੇਸ਼ ਦੇ ਕਿਸੇ ਵੀ ਬੈਂਕ 'ਚ ਉਨ੍ਹਾਂ ਦਾ ਕੋਈ ਖਾਤਾ ਮਿਲ ਜਾਵੇ ਤਾਂ ਉਨ੍ਹਾਂ ਨੂੰ ਕੁਤੁਬ ਮੀਨਾਰ ਤੋਂ ਫਾਂਸੀ ਦੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਭਾਜਪਾ ਦੀ ਸਿਆਸੀ ‘ਆਈਟਮ ਗਰਲ’ ਹਨ। ਉਨ੍ਹਾਂ ਦੇ ਨਾਂਅ ਉੱਤੇ ਉਤਰ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ ਅਤੇ ਅੱਗੋਂ ਉਨ੍ਹਾਂ ਦੇ ਨਾਂਅ 'ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵੀ ਲੜੀਆਂ ਜਾਣਗੀਆਂ। ਸਲਾਹਕਾਰ ਕੌਂਸਲ ਦੀ ਵਿਸ਼ੇਸ਼ ਮੀਟਿੰਗ ਵਿੱਚ ਸ਼ਾਮਲ ਹੋਣ ਆਏ ਆਜ਼ਮ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਗੱਲ ਕਹੀ।

## ਅੰਦਰੂਨੀ ਸ਼ਾਂਤੀ ਚਾਹੀਦੀ ਤਾਂ ਭਾਰਤ ਆਓ, ਡਾਲਰ ਲਈ ਅਮਰੀਕਾ ਜਾਓ: ਦਲਾਈ ਲਾਮਾ

ਧਰਮਸ਼ਾਲਾ, 25 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਇੰਸਟੀਚਿਊਟ ਆਫ ਪੀਸ (ਯੂ ਐੱਸ ਆਈ ਪੀ) ਯੁਵਾ ਨੇਤਾਵਾਂ ਦੇ ਨਾਲ ਤਿੱਬਤੀਆਂ ਦੇ ਅਧਿਆਤਮਿਕ ਗੁਰੂ ਦਲਾਈ ਲਾਮਾ ਨੇ ਕੱਲ੍ਹ ਮੈਕਲੋਡਗੰਜ ਵਿੱਚ ਬੈਠਕ ਕੀਤੀ। ਉਨ੍ਹਾਂ ਨੇ 14 ਦੇਸ਼ਾਂ ਤੋਂ ਧਰਮਸ਼ਾਲਾ ਆਏ 28 ਯੁਵਾ ਸ਼ਾਂਤੀ ਬਿਲਡਰਾਂ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਯੁਵਾ ਪੀੜੀ ਕੋਲ ਖੁਸ਼ਹਾਲ ਦੁਨੀਆ ਵਿੱਚ ਯੋਗਦਾਨ ਦੇਣ ਦਾ ਮੌਕਾ ਹੈ।

ਵਰਨਣ ਯੋਗ ਹੈ ਕਿ ਇਸ ਪ੍ਰੋਗਰਾਮ ਵਿੱਚ ਧਰਮਾਂ ਦੀ ਭੂਮਿਕਾ, ਧਾਰਮਿਕ ਗੁਰੂਆਂ ਅਤੇ ਸਰਵ ਧਰਮ, ਧਰਮ ਸੁਤੰਤਰਤਾ 'ਤੇ ਸ਼ਾਂਤੀ-ਸਥਾਪਨਾ ਅਤੇ ਹਿੰਸਕ ਅੱਤਵਾਦ ਦਾ ਸਾਹਮਣਾ ਆਦਿ ਵਿਸ਼ਿਆਂ ਤੇ ਵਿਸਥਾਰ ਨਾਲ ਚਰਚਾ ਹੋਈ। ਦਲਾਈ ਲਾਮਾ ਨੇ ਕਿਹਾ ਕਿ ਵੱਖ-ਵੱਖ ਧਰਮਾਂ ਦੇ ਗੁਰੂਆਂ, ਧਰਮਾਂ ਦੇ ਪੈਰੋਕਾਰਾਂ, ਭਾਈਚਾਰੇ ਦੇ ਲੋਕਾਂ ਤੇ ਵਿਦਿਆਰਥੀਆਂ ਨੂੰ ਇਕੱਠੇ ਕੰਮ ਕਰਨ, ਇੱਕਠੇ ਰਹਿਣ ਤੇ ਇਕੱਠੇ ਆਪਣੇ ਧਰਮਾਂ ਦੇ ਵਿਚਾਰ ਸਾਂਝੇ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਅਸੀਂ ਇਨਸਾਨ ਹਾਂ, ਫਿਰ ਅਸੀਂ ਹਿੰਦੂ, ਮੁਸਲਿਮ, ਈਸਾਈ, ਬੁੱਧ ਜਾਂ ਯਹੂਦੀ ਹਾਂ। ਸਿਖਿਆ ਲੋਕਾਂ ਨੂੰ ਸੋਚਣ ਦੇ ਤਰੀਕੇ ਨੂੰ ਬਦਲਣ ਦੀ ਕੁੰਜੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਅੰਦਰੂਨੀ ਸ਼ਾਂਤੀ ਚਾਹੁੰਦੇ ਹੋ ਤਾਂ ਭਾਰਤ ਆਉਣਾ ਚਾਹੀਦਾ ਹੈ। ਇਥੇ ਆਓ ਤੇ ਆਧੁਨਿਕ ਸਿਖਿਆ ਅਤੇ ਪ੍ਰਾਚੀਨ ਗਿਆਨ ਲਵੋ, ਜੇ ਜ਼ਿਆਦਾ ਡਾਲਰ ਚਾਹੁੰਦੇ ਹੋ ਤਾਂ ਅਮਰੀਕਾ ਜਾਂ ਯੂਰਪ ਜਾਓ।

## ਸਿਰਸਾ ਡੇਰੇ ਦਾ ਮੀਡੀਆ ਇੰਚਾਰਜ ਬੀਟੂ ਅਗਰਵਾਲ ਗ੍ਰਿਫਤਾਰ



ਸਿਰਸਾ, 25 ਅਕਤੂਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਵਿਵਾਦ ਬਾਰੇ ਸਿਰਸਾ ਵਿੱਚ ਹੋਈ ਹਿੰਸਾ ਦੇ ਦੋਸ਼ੀ ਬੀਟੂ ਅਗਰਵਾਲ ਉਰਫ ਰਾਮ ਆਸਰੇ ਤੇ ਰਿੰਕੂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਬੀਟੂ ਅਗਰਵਾਲ ਡੇਰਾ ਸਿਰਸਾ ਦੀ ਮੀਡੀਆ ਮੈਨੇਜਮੈਂਟ ਦਾ ਇੰਚਾਰਜ ਸੀ। ਉਸ ਦੀਆਂ ਕਈ ਫੈਕਟਰੀਆਂ ਡੇਰਾ ਸੱਚਾ ਸੌਦਾ ਵਿੱਚ ਚੱਲਦੀਆਂ ਸੀ। ਉਹ ਪਟਿਆਲਾ ਦਾ ਵਾਸੀ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਡੇਰਾ ਦੇ ਕੋਲ ਸ਼ਾਹ ਸਤਨਾਮ ਨਗਰ ਸਿਰਸਾ ਵਿੱਚ ਰਹਿੰਦਾ ਸੀ।

ਬੀਤੀ ਦਿਨੀਂ ਸਿਰਸਾ ਐਸ ਆਈ ਟੀ ਨੇ ਮੁਖਬਰ ਦੀ ਸੂਚਨਾ ਉਤੇ ਉਸ ਦੇ ਘਰ ਰੇਡ ਦੇ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਕੱਲ੍ਹ ਦੁਪਹਿਰ ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਡਿਊਟੀ ਮਜਿਸਟਰੇਟ ਅੱਗੇ ਪੇਸ਼ ਕੀਤਾ। ਇਥੋਂ ਦੋਵੇਂ ਨੂੰ ਪੁਲਸ ਰਿਮਾਂਡ ਵਿੱਚ ਭੇਜ ਦਿੱਤਾ ਗਿਆ। ਸਿਰਸਾ ਐਸ ਆਈ ਟੀ ਓਦੋਂ ਵਾਲੀ ਹਿੰਸਾ ਦੇ ਕੇਸ ਵਿੱਚ ਅੱਜ ਤੱਕ 120 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ, ਪਰ ਕਈ ਮੁੱਖ ਦੋਸ਼ੀ ਅਜੇ ਵੀ ਗ੍ਰਿਫਤ ਤੋਂ ਬਾਹਰ ਹਨ। ਇਨ੍ਹਾਂ 'ਤੇ ਪੁਲਸ ਨੇ ਇਨਾਮ ਐਲਾਨ ਕੀਤਾ ਹੋਇਆ ਹੈ। ਦੋਸ਼ੀਆਂ ਉਤੇ ਦੇਸ਼ ਧ੍ਰੋਹ, ਹਿੰਸਾ, ਸੁਰੱਖਿਆ ਬਲਾਂ 'ਤੇ ਜਾਨਲੇਵਾ ਹਮਲਾ ਅਤੇ ਸਾਜ਼ਿਸ਼ ਰਚਣ ਦਾ ਦੋਸ਼ ਹੈ। ਫਰਾਰ ਹੋਏ ਇਨਾਮੀ ਭਗੌੜਿਆਂ ਵਿੱਚ ਡੇਰਾ ਸੱਚਾ ਸੌਦਾ ਪ੍ਰਬੰਧ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਡਾ. ਪੀ ਆਰ ਨੈਨ, ਆਦਿੱਤਿਆ ਇੰਸਾਂ ਅਤੇ ਬੇਅੰਤ ਕੌਰ ਸ਼ਾਮਲ ਹਨ। ਸਾਧਵੀ ਨਾਲ ਬਲਾਤਕਾਰ ਦੇ ਦੋਸ਼ ਵਿੱਚ ਪੰਚਕੂਲਾ ਦੀ ਸੀ ਬੀ ਆਈ ਕੋਰਟ ਨੇ 25 ਅਗਸਤ 2017 ਨੂੰ ਫੈਸਲਾ ਦਿੱਤਾ ਸੀ। ਡੇਰਾ ਸੱਚਾ ਸੌਦਾ ਮੈਨੇਜਮੈਂਟ ਨੇ ਅਦਾਲਤ ਦੇ ਸੰਭਾਵਿਤ ਫੈਸਲੇ ਨੂੰ ਸਮਝਦੇ ਹੋਏ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ 15 ਅਗਸਤ ਨੂੰ ਜਨਮ ਦਿਨ ਹਫਤਾ ਮਨਾਉਣ ਦਾ ਫੈਸਲਾ ਕੀਤਾ ਸੀ ਅਤੇ ਓਦੋਂ ਜਨਮ ਦਿਨ ਹਫਤਾ ਮਨਾਉਣ ਲਈ ਦੇਸ਼ ਭਰ ਤੋਂ ਲੱਖਾਂ ਪ੍ਰੇਮੀ ਡੇਰਾ ਸੱਚਾ ਸੌਦਾ ਪਹੁੰਚੇ ਸਨ। ਡੇਰਾ ਕਮੇਟੀ ਤੇ ਹੋਰ ਸਾਰੀਆਂ ਕਮੇਟੀਆਂ ਦੇ ਅਹੁਦੇਦਾਰਾਂ ਦੀ ਬੈਠਕ ਕਰਕੇ ਸੰਭਾਵਿਤ ਫੈਸਲੇ ਦੇ ਬਾਅਦ ਦੀ ਯੋਜਨਾ ਤਿਆਰ ਕੀਤੀ ਗਈ ਸੀ। 17 ਅਗਸਤ 2017 ਨੂੰ ਡੇਰੇ ਦੀ ਅਗਵਾਈ ਵਿੱਚ ਡੇਰਾ ਕਮੇਟੀ ਦੇ ਅਹਿਮ ਅਹੁਦੇਦਾਰਾਂ ਤੇ ਨਜ਼ਦੀਕੀਆਂ ਦੀ ਬੈਠਕ ਹੋਈ ਸੀ, ਜਿੱਥੇ ਹਨੀਪ੍ਰੀਤ ਇੰਸਾਂ, ਆਦਿੱਤਿਆ ਇੰਸਾਂ, ਪਵਨ ਇੰਸਾਂ, ਡਾ. ਪੀ ਆਰ ਨੈਨ, ਗੋਲੋ ਮੌਸੀ, ਨਵੀਨ ਕੁਮਾਰ ਉਰਫ ਗੋਭੀ, ਅਭਿਜੀਤ ਤੇ ਬੇਅੰਤ ਕੌਰ ਵੀ ਸ਼ਾਮਲ ਸੀ। ਸਾਜ਼ਿਸ਼ ਰਚਣ ਦੇ ਬਾਅਦ 17 ਅਗਸਤ ਤੋਂ 23 ਅਗਸਤ 2017 ਤੱਕ ਡੇਰੇ ਵਿੱਚ ਆਏ ਪ੍ਰੇਮੀਆਂ ਨੂੰ ਕਿਹਾ ਗਿਆ ਕਿ ਜੇ ਗੁਰੂ ਦੇ ਖਿਲਾਫ ਕੋਰਟ ਦਾ ਫੈਸਲਾ ਆਉਂਦਾ ਹੈ ਤਾਂ ਚੁੱਪ ਚਾਪ ਨਹੀਂ ਬੈਠਣਾ। 23 ਅਗਸਤ ਨੂੰ ਲੱਖਾਂ ਪ੍ਰੇਮੀ ਪੰਚਕੂਲਾ ਵਿੱਚ ਜਮ੍ਹਾ ਹੋ ਗਏ ਸਨ।

## ਭਾਜਪਾ ਤੋਂ ਨਿੱਖੜੇ ਆਗੂਆਂ ਦਾ ਟਿਕਾਣਾ ਤਿਵਾੜੀ ਅਤੇ ਬੈਨੀਵਾਲ ਬਣਨ ਲੱਗੇ



ਘਣਸ਼ਿਆਮ ਤਿਵਾੜੀ

ਜੈਪੁਰ, 25 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਈਆਂ ਵੇਖ ਕੇ ਆਗੂਆਂ ਅਤੇ ਪਾਰਟੀਆਂ ਵਿੱਚ ਜੋੜ ਤੋੜ ਤੇਜ਼ ਹੋ ਗਿਆ ਹੈ। ਸੱਤਾਧਾਰੀ ਧਿਰ ਭਾਜਪਾ ਦੇ ਅੱਧਾ ਦਰਜਨ ਤੋਂ ਜ਼ਿਆਦਾ ਆਗੂ ਪਿਛਲੇ ਦੋ ਦਿਨਾਂ ਵਿੱਚ ਪਾਰਟੀ ਤੋਂ ਤੋੜ ਵਿਛੋੜਾ ਕਰਕੇ ਨਵੀਂ ਪਾਰਟੀ ਬਣਾਉਣ ਵਾਲੇ ਭਾਰਤ ਵਾਹਨੀ ਪਾਰਟੀ ਦੇ ਮੁਖੀ ਘਣਸ਼ਿਆਮ ਤਿਵਾੜੀ ਅਤੇ ਆਜ਼ਾਦ ਵਿਧਾਇਕ ਹਨੂਮਾਨ ਬੇਨੀਵਾਲ ਦੇ ਸੰਪਰਕ ਵਿੱਚ ਚਲੇ ਗਏ ਹਨ।

ਵਰਨਣ ਯੋਗ ਹੈ ਕਿ ਭਾਜਪਾ ਅਤੇ ਕਾਂਗਰਸ ਤੋਂ ਟਿਕਟ ਨਾ ਮਿਲੀ ਤਾਂ ਕੁਝ ਸੇਵਾਮੁਕਤ ਆਈ ਏ ਐਸ ਅਫਸਰਾਂ ਨੇ ਵੀ ਇਨ੍ਹਾਂ ਦੋ ਆਗੂਆਂ ਦੀ ਮਦਦ ਨਾਲ ਚੋਣ ਲੜਨ ਦੀ ਰਣਨੀਤੀ ਬਣਾਈ ਹੈ। ਸੂਬੇ ਦੀਆਂ ਦੋ ਦਰਜਨ ਵਿਧਾਨ ਸਭਾ ਸੀਟਾਂ ਉੱਤੇ ਆਜ਼ਾਦ ਉਮੀਦਵਾਰਾਂ ਤੋਂ ਚੋਣ ਲੜਵਾਉਣ ਦਾ ਐਲਾਨ ਕਰ ਚੁੱਕੇ ਆਜ਼ਾਦ ਮੰਚ ਦੇ ਕਨਵੀਨਰ ਚੰਦਰ-ਰਾਜ ਸਿੰਘਵੀ ਨੇ ਏਥੇ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਬਿਨਾਂ ਅਗਲੀ ਸਰਕਾਰ ਨਹੀਂ ਬਣ ਸਕੇਗੀ। ਮੁੱਖ ਮੰਤਰੀ ਵਸੁੰਧਰਾ ਰਾਜੇ ਨਾਲ ਮਤਭੇਦ ਕਾਰਨ ਭਾਜਪਾ ਤੋਂ ਵੱਖ ਹੋਏ ਤਿਵਾੜੀ ਅਤੇ ਬੈਨੀਵਾਲ ਨਾਲ ਪਿਛਲੇ ਦੋ ਦਿਨ ਵਿੱਚ ਅੱਧਾ ਦਰਜਨ ਤੋਂ ਜ਼ਿਆਦਾ ਆਗੂਆਂ ਨੇ ਸੰਪਰਕ ਕੀਤਾ ਹੈ।

# ਹਾਦਸਿਆਂ ਤੋਂ ਬਚਣ ਲਈ ਰੇਲ ਡਰਾਈਵਰਾਂ ਨੂੰ ਨਵੀਆਂ ਹਦਾਇਤਾਂ



ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਉਤਰੀ ਰੇਲਵੇ ਨੇ ਆਪਣੇ ਡਰਾਈਵਰਾਂ ਨੂੰ ਰੇਲ ਪਟੜੀਆਂ ਦੇ ਆਸ ਪਾਸ ਭੀੜ ਜਾਂ ਕਿਸੇ ਹੋਰ ਸਮਾਗਮ ਨੂੰ ਦੇਖ ਕੇ ਰਫਤਾਰ ਮੱਠੀ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਹਨ ਤਾਂ ਕਿ ਅੰਮ੍ਰਿਤਸਰ ਦੇ ਦਸਹਿਰਾ ਕਾਂਡ ਵਰਗੀ ਤ੍ਰਾਸਦੀ ਮੁੜ ਕੇ ਨਾ ਵਾਪਰੇ।

ਵਰਨਣ ਯੋਗ ਹੈ ਕਿ 19 ਅਕਤੂਬਰ ਨੂੰ ਗੇਟ ਮੈਨ 400 ਮੀਟਰ ਦੂਰ ਸੀ, ਪਰ ਨਾ ਉਹ ਰੇਲ ਪਟੜੀ ਉਪਰ ਖੜੀ ਭੀੜ ਨੂੰ ਤੇ ਨਾ ਨੇੜਲੇ ਸਟੇਸ਼ਨ ਨੂੰ ਚੌਕਸ ਕਰ ਸਕਿਆ ਜਿਸ ਕਰਕੇ ਦੁਸਹਿਰੇ ਮੌਕੇ ‘ਰਾਵਣ ਦਹਿਣ’ ਦੇਖਣ ਆਏ 62 ਲੋਕ ਰੇਲ ਪਟੜੀ ਉੱਤੇ ਮਾਰੇ ਗਏ ਸਨ। ਰੇਲਵੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪ੍ਰੋਗਰਾਮ ਦੀ ਇਤਲਾਹ ਨਹੀਂ ਸੀ, ਜਿਸ ਕਰਕੇ ਉਨ੍ਹਾਂ ਦਾ ਦੋਸ਼ ਨਹੀਂ ਹੈ। ਉਤਰੀ ਰੇਲਵੇ ਦੇ ਸੀਨੀਅਰ ਅਪਰੇਸ਼ਨਲ ਮੈਨੇਜਰ ਨੇ ਜ਼ੋਨ ਦੀਆਂ ਸਾਰੀਆਂ ਡਵੀਜ਼ਨਾਂ ਨੂੰ 23 ਅਕਤੂਬਰ ਨੂੰ ਭੇਜੇ ਪੱਤਰ ਵਿੱਚ ਲਿਖਿਆ, ‘ਰੇਲਵੇ ਨੇ 19 ਅਕਤੂਬਰ ਨੂੰ ਕੁਚਲ ਕੇ ਮਾਰੇ ਜਾਣ ਵਾਲੀ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ, ਇਸ ਲਈ ਰੇਲਵੇ ਪ੍ਰਸ਼ਾਸਨ ਨੇ ਹਥਲੇ ਹੁਕਮ ਲਾਗੂ ਕਰਨ ਲਈ ਜਾਰੀ ਕੀਤੇ ਹਨ।' ਇਸ ਪੱਤਰ ਵਿੱਚ ਪਾਇਲਟਾਂ, ਲੋਕੋ ਪਾਇਲਟਾਂ, ਗਾਰਡਾਂ, ਗੇਟਮੈਨ ਤੇ ਕੀਅਮੈਨ ਨੂੰ ਹਦਾਇਤ ਕੀਤੀ ਗਈ ਹੈ ਕਿ ‘ਜੇ ਡਿਊਟੀ ਕਰਦਿਆਂ ਤੁਹਾਨੂੰ ਰੇਲ ਪਟੜੀਆਂ ਦੇ ਆਲੇ ਦੁਆਲੇ ਲੋਕਾਂ ਦੀ ਭੀੜ, ਕਿਸੇ ਤਿਓਹਾਰ ਨਾਲ ਸਬੰਧਤ ਕੋਈ ਸਮਾਗਮ ਜਾਂ ਕੋਈ ਗੈਰ ਮਾਮੂਲੀ ਸਰਗਰਮੀ ਨਜ਼ਰ ਆ ਰਹੀ ਹੋਵੇ ਤਾਂ ਆਪਣੀ ਰਫਤਾਰ ਕੰਟਰੋਲ ਕਰੋ। ਨੇੜਲੇ ਸਟੇਸ਼ਨ ਨੂੰ ਇਤਲਾਹ ਦੇਵੋ ਤੇ ਨਾਲ ਅਗਲੇ ਮੁਕੱਰਰ ਠਾਹਰ 'ਤੇ ਸਟੇਸ਼ਨ ਮਾਸਟਰ ਨੂੰ ਲਿਖਤੀ ਜਾਣਕਾਰੀ ਦਿੱਤੀ ਜਾਵੇ।'

ਇਹ ਵੀ ਕਿਹਾ ਗਿਆ ਹੈ ਕਿ ਤਿਓਹਾਰਾਂ ਦੇ ਸੀਜ਼ਨ ਦੌਰਾਨ ਲੈਵਲ ਕਰਾਸਿੰਗਾਂ ਤੇ ਵਰਕ ਸਾਈਟਾਂ ਕਰਾਸ ਕਰਦੇ ਸਮੇਂ ਲਗਾਤਾਰ ‘ਵਿਸਲ' ਵਜਾਈ ਜਾਵੇ। ਇਹ ਹਦਾਇਤ ਦਿੱਤੀ ਗਈ ਹੈ ਕਿ ਜੇ ਡਿਊਟੀ ਵੇਲੇ ਗੇਟਮੈਨ, ਲੋਕੋ ਪਾਇਲਟ, ਗਾਰਡ ਜਾਂ ਰੇਲਵੇ ਸਟਾਫ ਜਾਂ ਕਿਸੇ ਆਮ ਵਿਅਕਤੀ ਵੱਲੋਂ ਸਟੇਸ਼ਨ ਮਾਸਟਰ ਨੂੰ ਪਟੜੀਆਂ 'ਤੇ ਭੀੜ ਜਾਂ ਹੋਰ ਸਰਗਰਮੀ ਦੀ ਸੂਚਨਾ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਕਾਰਵਾਈ ਕਰਦਿਆਂ ਆਰ ਪੀ ਐਫ, ਜੀ ਆਰ ਪੀ, ਮੁਕਾਮੀ ਪੁਲਸ ਤੇ ਡਵੀਜ਼ਨਲ ਕੰਟਰੋਲਰ ਨੂੰ ਲੋੜੀਂਦੀ ਕਾਰਵਾਈ ਲਈ ਇਤਲਾਹ ਦਿੱਤੀ ਜਾਵੇ।'

◆ Insurance ◆

Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor

416.452.7373

harpinderkaur@punjabinsurance.ca
www.punjabinsurance.ca

DIXIE
Registered Private Career College

TRUCK & FORKLIFT DRIVING SCHOOL
CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates, Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9



# ਅਮਰੀਕੀ ਪੁਨਰਵਾਸ ਕੇਂਦਰ ਵਿੱਚ ਛੇ ਬੱਚਿਆਂ ਦੀ ਮੌਤ

ਟ੍ਰੇਂਟਨ, 25 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਨਿਊਜਰਸੀ ਸੂਬੇ ਦੇ ਇਕ ਪੁਨ-ਰਵਾਸ ਕੇਂਦਰ ਵਿੱਚ ਵਾਇਰਸ ਇਨਫੈਕਸ਼ਨ ਨਾਲ ਛੇ ਬੱਚਿਆਂ ਦੀ ਮੌਤ ਹੋ ਗਈ ਤੇ 12 ਬਿਮਾਰ ਪੈ ਗਏ ਹਨ। ਇਹ ਕੇਂਦਰ ਡਾਕਟਰੀ ਤੌਰ 'ਤੇ ਕਮਜ਼ੋਰ ਬੱਚਿਆਂ ਦੀ ਦੇਖਭਾਲ ਲਈ ਬਣਾਇਆ ਗਿਆ ਹੈ।




ਨਿਊਜਰਸੀ ਦੇ ਸਿਹਤ ਵਿਭਾਗ ਨੇ ਬੀਤੇ ਦਿਨੀਂ ਕਿਹਾ ਕਿ ਨਿਊਯਾਰਕ ਤੋਂ 50 ਕਿਲੋਮੀਟਰ ਦੂਰ ਹਾਸਕੇਲ ਵਿੱਚ ਇਸ ਵੈਨਾਕਵੇ ਸੈਂਟਰ ਫਾਰ ਨਰਸਿੰਗ ਐਂਡ ਰਿਹੈਬਲੀਟੇਸ਼ਨ ਵਿੱਚ ਐਡੀਨੋ ਵਾਇਰਸ ਦੇ 18 ਮਾਮਲੇ ਪਾਏ ਗਏ। ਸਿਹਤ ਵਿਭਾਗ ਨੇ ਪੀੜਤ ਬੱਚਿਆਂ ਦੀ ਉਮਰ ਜਾਂ ਉਨ੍ਹਾਂ ਦੇ ਪਤੇ ਜ਼ਹਿਰ ਨਹੀਂ ਕੀਤੇ ਹਨ। ਸੈਂਟਰਸ ਫਾਰ ਡਿਜੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਸੀ ਡੀ ਸੀ) ਦੀ ਬੁਲਾਰਾ ਕੇਟ ਫੋਵਲਾਈ ਨੇ ਕਿਹਾ ਕਿ ਇਨਫੈਕਸ਼ਨ ਨਾਲ ਨਿਪਟਣ ਲਈ ਰਾਜ ਨੂੰ ਤਕਨੀਕੀ ਮਦਦ ਹਾਸਲ ਕਰਵਾਈ ਜਾ ਰਹੀ ਹੈ। ਪਿਛਲੇ 10 ਸਾਲਾਂ ਤੋਂ ਇਸ ਕੇਂਦਰ ਵਿੱਚ ਇਨਫੈਕਸ਼ਨ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਸੀ ਡੀ ਸੀ ਅਨੁਸਾਰ ਇਸ ਵਾਇਰਸ ਦੇ ਇਨਫੈਕਸ਼ਨ ਤੋਂ ਪ੍ਰਭਾਵਿਤ ਬੱਚਿਆਂ ਨੂੰ ਆਮ ਤੌਰ ਉਤੇ ਸਾਹ ਸਬੰਧੀ ਪਰੇਸ਼ਾਨੀ ਹੁੰਦੀ ਹੈ। ਸਿਹਤ ਵਿਭਾਗ ਨੇ ਇਨਫੈਕਸ਼ਨ ਦੇ ਮਾਮਲੇ ਪੱਤਾ ਲੱਗਣ ਪਿੱਛੋਂ ਕੇਂਦਰ ਨੂੰ ਨਵੇਂ ਬੱਚਿਆਂ ਦੀ ਭਰਤੀ ਤੋਂ ਰੋਕ ਦਿੱਤਾ ਹੈ। ਅਮਰੀਕਾ 'ਚ ਪਹਿਲਾ ਵੀ ਅਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ। 1998 'ਚ ਸ਼ਿਕਾਗੋ ਦੇ ਬਾਲ ਚਕਿਤਸਾ ਕੇਂਦਰ ਵਿੱਚ ਟਾਈਪ 7 ਐਡੀਨੋ ਵਾਇਰਸ ਦੀ ਇਨਫੈਕਸ਼ਨ ਨਾਲ ਅੱਠ ਰੋਗੀਆਂ ਦੀ ਮੌਤ ਹੋ ਗਈ ਸੀ।

# ਪਾਕਿਸਤਾਨ ਵਿੱਚ ਇਕ ਹੋਰ ਹਿੰਦੂ ਕੁੜੀ ਦਾ ਧਰਮ ਤਬਦੀਲ

ਲਾਹੌਰ, 25 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੇ ਪਿੰਡ ਕੋਟ ਗੁਲਾਮ ਮੁਹੰਮਦ 'ਚੋਂ ਬੀਤੇ ਦਿਨੀਂ ਅਗਵਾ ਕੀਤੀ ਗਈ 15 ਸਾਲਾ ਹਿੰਦੂ ਕੁੜੀ ਮਮਤਾ ਕੁਮਾਰੀ ਦਾ ਧਰਮ ਬਦਲ ਕੇ ਉਸ ਦਾ ਨਦੀਮ ਨਾਂਅ ਦੇ ਨੌਜਵਾਨ ਨਾਲ ਵਿਆਹ ਕਰਵਾ ਦਿੱਤਾ ਗਿਆ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਇਸ ਪਿੰਡ ਦੀ ਸਥਾਨਕ ਪੁਲਸ ਚੌਕੀ ਨੇ ਕੱਲ੍ਹ ਸਵੇਰੇ ਮਮਤਾ ਦੇ ਮਾਪਿਆਂ ਨੂੰ ਉਨ੍ਹਾਂ ਦੀ ਧੀ ਬਾਰੇ ਪਤਾ ਲੱਗਣ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਮਤਾ ਨੇ ਇਸਲਾਮ ਕਬੂਲ ਕਰ ਕੇ ਨਿਕਾਹ ਕਰ ਲਿਆ ਹੈ।

ਇਸੇ ਸੂਬੇ ਦੇ ਮਤਿਆਰੀ ਜ਼ਿਲੇ ਦੇ ਹਾਲਾ ਸ਼ਹਿਰ ਤੋਂ ਅਗਵਾ ਕੀਤੀ 11 ਸਾਲਾ ਹਿੰਦੂ ਨਾਬਾਲਗ ਮੋਨਿਕਾ ਲੁਹਾਨੋ ਨੂੰ ਪੁਲਸ ਨੇ ਉਸ ਦੇ ਵਾਰਸਾਂ ਨੂੰ ਸੌਂਪ ਦਿੱਤਾ, ਜਦ ਕਿ ਅਗਵਾਕਾਰ ਮੁਸ਼ਤਾਕ ਮੁਹਾਰ ਅਤੇ ਉਸ ਦੇ ਸਾਥੀਆਂ ਵਿਰੁੱਧ ਕਿਸੇ ਪ੍ਰਕਾਰ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ। ਮੋਨਿਕਾ ਨੂੰ ਪੰਜ ਦਿਨ ਪਹਿਲਾਂ ਦੋਸ਼ੀਆਂ ਨੇ ਉਸ ਦੇ ਘਰ ਤੋਂ ਅਗਵਾ ਕੀਤਾ ਸੀ। ਸੂਬੇ ਦੇ ਘੱਟ ਗਿਣਤੀ ਮਾਮਲਿਆਂ, ਸਮਾਜਿਕ ਭਲਾਈ ਤੇ ਖੁਰਾਕ ਮੰਤਰੀ ਹਰੀ ਰਾਮ ਕਿਸ਼ੋਰੀ ਲਾਲ ਵਲੋਂ ਇਸ ਦਾ ਸਖਤ ਨੋਟਿਸ ਲੈਣ 'ਤੇ ਪੁਲਸ ਨੇ ਕਾਰਵਾਈ ਕਰਕੇ ਨਾਟਕੀ ਢੰਗ ਨਾਲ ਅਗਲੇ ਹੀ ਦਿਨ ਮੋਨਿਕਾ ਦਾ ਪਤਾ ਲਾ ਕੇ ਉਸ ਨੂੰ ਉਸ ਦੇ ਵਾਰਸਾਂ ਤੱਕ ਪਹੁੰਚਾ ਦਿੱਤਾ। ਉਕਤ ਮੰਤਰੀ ਨੇ ਮਤਿਆਰੀ ਜ਼ਿਲੇ ਦੇ ਹਿੰਦ ਭਾਈਚਾਰੇ ਨੂੰ ਭਰੋਸਾ ਦਿੱਤਾ ਹੈ ਕਿ ਅਗਵਾਕਾਰਾਂ ਨੂੰ ਗ੍ਰਿਫਤਾਰ ਕਰਕੇ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਸੂਬਾ ਸਿੰਧ ਦੀਆਂ ਹਿੰਦੂ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਸੂਬੇ ਵਿੱਚ ਪਿਛਲੇ ਪੰਜ ਮਹੀਨਿਆਂ 'ਚ 47 ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਇਆ ਗਿਆ ਹੈ। ਇਸ 'ਤੇ 'ਔਰਤ ਫਾਊਂਡੇਸ਼ਨ' ਨੇ ਅਜਿਹੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਹਿੰਦੂ ਸੁਰੱਖਿਆ ਬਿੱਲ ਤੁਰੰਤ ਲਾਗੂ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਸੰਸਥਾ ਦੇ ਅਹੁਦੇਦਾਰਾਂ ਨੇ ਸਾਫ ਕਿਹਾ ਹੈ ਕਿ ਜੇ ਪਾਕਿਸਤਾਨ 'ਚ ਕੱਟੜਪੰਥੀਆਂ ਦੇ ਦਬਾਅ ਹੇਠ ਘੱਟ ਗਿਣਤੀਆਂ ਪ੍ਰਤੀ ਅਜਿਹਾ ਵਿਵਹਾਰ ਹੋਰ ਜਾਰੀ ਰਿਹਾ ਤਾਂ ਆਉਣ ਵਾਲੇ ਸਾਲਾਂ 'ਚ ਵੱਡੀ ਗਿਣਤੀ 'ਚ ਪਾਕਿ 'ਚ ਰਹਿੰਦੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਮਜਬੂਰਨ ਭਾਰਤ ਸਮੇਤ ਹੋਰਨਾਂ ਦੇਸ਼ਾਂ 'ਚ ਸ਼ਰਨ ਲੈਣੀ ਪੈ ਸਕਦੀ ਹੈ।

# ਚੀਨ ਨੇ ਇਸਲਾਮਾਬਾਦ ਤੱਕ ਨਵੀਂ ਰੇਲ ਸੜਕ ਕਾਰਗੋ ਸੇਵਾ ਸ਼ੁਰੂ ਕੀਤੀ



ਪੇਈਚਿੰਗ, 25 ਅਕਤੂਬਰ (ਪੋਸਟ ਬਿਊਰੋ)- ਚੀਨ ਨੇ ਗੁਆਂਗਸੂ ਸੂਬੇ ਦੀ ਰਾਜਧਾਨੀ ਲਾਂਜ਼ੂ ਨੂੰ ਇਸਲਾਮਾ-ਬਾਦ ਨਾਲ ਜੋੜਦੀ ਨਵੀਂ ਰੇਲ ਤੇ ਸੜਕੀ ਕਾਰਗੋ ਸੇਵਾ ਦੀ ਕੱਲ੍ਹ ਸ਼ੁਰੂਆਤ ਕਰ ਦਿੱਤੀ।

ਸਰਕਾਰੀ ਮਾਲਕੀ ਵਾਲੀ ਅਖਬਾਰ ਚਾਈਨਾ ਡੇਲੀ ਨੇ ਆਪਣੀ ਇਕ ਰਿਪੋਰਟ ਵਿੱਚ ਕਿਹਾ ਕਿ ਮਕੈਨੀਕਲ ਸਾਜ਼ੋ ਸਾਮਾਨ, ਆਟੋ ਕਲਪੁਰਜ਼ਿਆਂ ਤੇ ਨਿੱਤ ਵਰਤੋਂ ਦਾ ਹੋਰ ਸਾਮਾਨ ਲੈ ਕੇ 30 ਡੱਬਿਆਂ ਵਾਲੀ ਗੱਡੀ ਲਾਂਜ਼ੂ ਦੇ ਲੌਜਿਸਟਿਕਸ ਸੈਂਟਰ ਤੋਂ ਉਈਗਰ ਭਾਈਚਾਰੇ ਦੀ ਖੁਦਮੁਖਤਿਆਰੀ ਵਾਲੇ ਖੇਤਰ ਕਾਸ਼ਗਰ ਲਈ ਰਵਾਨਾ ਹੋ ਗਈ। ਇਥੋਂ ਇਸ ਸਾਮਾਨ ਨੂੰ ਸ਼ਾਹਰਾਹ ਜ਼ਰੀਏ ਇਸਲਾਮਾਬਾਦ ਪਹੁੰਚਾਇਆ ਜਾਵੇਗਾ। ਗੁਆਂਗਜ਼ੂ (ਲਾਂਜ਼ੂ) ਦੀ ਕੌਮਾਂਤਰੀ ਜ਼ਮੀਨੀ ਬੰਦਰਗਾਹ ਦੀ ਪ੍ਰਬੰਧਕੀ ਕਮੇਟੀ ਦੇ ਡਿਪਟੀ ਡਾਇਰੈਕਟਰ ਲੂ ਜ਼ੀ ਨੇ ਕਿਹਾ ਕਿ 45 ਹਜ਼ਾਰ ਕਿਲੋਮੀਟਰ ਲੰਮੇ ਫਾਸਲੇ ਨੂੰ ਪੂਰਾ ਕਰਨ ਵਿੱਚ 13 ਦਿਨ ਲੱਗਣਗੇ। ਲੂ ਨੇ ਕਿਹਾ ਕਿ ਪਹਿਲਾਂ ਸਮੁੰਦਰੀ ਰਸਤੇ ਇਸ ਫਾਸਲੇ ਨੂੰ ਪੂਰਨ ਵਿੱਚ 15 ਦਿਨ ਵੱਧ ਲੱਗਦੇ ਸਨ। ਗੁਆਂਗਸੂ ਤੋਂ ਦੋਖਣੀ ਏਸ਼ੀਆ ਵੱਲ ਮਾਲ ਦੀ ਢੁਆਈ ਲਈ ਚਲਾਈ ਇਹ ਦੂਜੀ ਰੇਲ ਸੇਵਾ ਹੈ। ਇਸ ਤੋਂ ਪਹਿਲਾਂ ਸਾਲ 2016 ਵਿੱਚ ਲਾਂਜ਼ੂ ਤੋਂ ਕਾਠਮੰਡੂ (ਨੇਪਾਲ) ਤੱਕ ਰੇਲ ਤੇ ਸੜਕ ਕਾਰਗੋ ਸੇਵਾ ਦਾ ਆਗਾਜ਼ ਕੀਤਾ ਗਿਆ ਸੀ।

ਲੂ ਨੇ ਕਿਹਾ, 'ਮੈਂ ਆਸ ਕਰਦਾ ਹਾਂ ਕਿ ਨਵੀਂ ਰੇਲ ਤੇ ਰੋਡ ਕਾਰਗੋ ਸੇਵਾ ਚੀਨ ਤੇ ਪਾਕਿਸਤਾਨ ਦਰਮਿਆਨ ਵਿੱਚ ਸਹਿਯੋਗ ਦੀ ਚੰਗੀ ਮਿਸਾਲ ਬਣਨ ਦੇ ਨਾਲ ਵਧੇਰੇ ਦੇਸ਼ਾਂ ਤੇ ਖਿੱਤਿਆਂ ਨੂੰ ਚੀਨ ਦੇ 'ਇਕ ਰੋਡ ਇਕ ਪੱਟੀ' ਪਹਿਲਕਦਮੀ ਦਾ ਹਿੱਸਾ ਬਣਨ ਲਈ ਹੱਲਾਸ਼ੇਰੀ ਦੇਵੇਗੀ।' ਵਰਨਣ ਯੋਗ ਹੈ ਕਿ ਚੀਨ ਵੱਲੋਂ ਅਰਬਾਂ ਰੁਪਏ ਦੀ ਲਾਗਤ ਨਾਲ ਚੀਨ ਪਾਕਿਸਤਾਨ ਆਰਥਿਕ ਗਲਿਆਰੇ (ਸੀਪੈਕ) ਦੀ ਉਸਾਰੀ ਕੀਤੀ ਜਾ ਰਹੀ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਦਿਲ ਦੇ ਕਰੀਬ ਕਹੇ ਜਾਂਦੇ ਇਸ ਪ੍ਰਾਜੈਕਟ ਦਾ ਮੁੱਖ ਮੰਤਵ ਚੀਨ ਦੀ ਵਿੱਤੀ ਮਦਦ ਵਾਲੇ ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰਾਜੈਕਟਾਂ ਜ਼ਰੀਏ ਵਿਸ਼ਵ ਭਰ ਵਿੱਚ ਪੇਈਚਿੰਗ ਦਾ ਅਸਰ ਰਸੂਖ ਵਧਾਉਣਾ ਹੈ।

# ਅਮਰੀਕੀ ਮਦਦ ਬਿਨਾਂ ਖਸ਼ੋਗੀ ਦਾ ਕਤਲ ਮੁਮਕਿਨ ਨਹੀਂ: ਰੂਹਾਨੀ



ਤਹਿਰਾਨ, 25 ਅਕਤੂਬਰ (ਪੋਸਟ ਬਿਊਰੋ)- ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਦੇ ਮੁਤਾਬਕ ਸਾਊਦੀ ਪੱਤਰਕਾਰ ਜਮਾਲ ਖਸ਼ੋਗੀ ਦਾ 'ਬੇਰਹਿਮੀ ਨਾਲ ਕੀਤਾ ਕਤਲ' ਅਮਰੀਕਾ ਦੀ ਮਦਦ ਬਿਨਾਂ ਨਾਮੁਮਕਿਨ ਜਾਪਦਾ ਹੈ।

ਇਸ ਦੌਰਾਨ ਅਮਰੀਕਾ ਨੇ ਕਿਹਾ ਕਿ ਉਸ ਨੇ ਖਸ਼ੋਗੀ ਕਤਲ ਕੇਸ ਵਿੱਚ ਸ਼ਾਮਲ ਸਾਊਦੀ ਅਧਿਕਾਰੀਆਂ ਦੇ ਵੀਜ਼ੇ ਰੱਦ ਕਰਵਾ ਦਿੱਤੇ ਹਨ। ਅਮਰੀਕਾ ਨੇ ਕਿਹਾ ਕਿ ਉਹ ਕਸੂਰਵਾਰਾਂ ਨੂੰ ਜਵਾ-ਬਦੇਹ ਬਣਾਉਣ ਲਈ ਅੱਗੋਂ ਵੀ ਕਾਰਵਾਈ ਜਾਰੀ ਰੱਖੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਖਸ਼ੋਗੀ ਕਤਲ ਕੇਸ ਇਤਿਹਾਸ ਵਿੱਚ ਕਿਸੇ ਘਟਨਾ 'ਤੇ ਪਰਦਾ ਪਾਉਣ ਦੀ ਸਭ ਤੋਂ ਵੱਡੀ ਮਿਸਾਲ ਹੈ। ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਇਸ ਹੱਤਿਆ ਨੂੰ ਘਿਨੌਣਾ ਅਪਰਾਧ ਕਰਾਰ ਦਿੱਤਾ ਹੈ।

ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਸਰਕਾਰੀ ਟੈਲੀਵਿਜ਼ਨ 'ਤੇ ਭਾਸ਼ਣ ਦੌਰਾਨ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਕੋਈ ਵੀ ਦੇਸ਼ 'ਅਮਰੀਕਾ ਦੀ ਹਮਾਇਤ ਤੋਂ ਬਿਨਾਂ' ਅਜਿਹੀ ਹਿਮਾਕਤ ਕਰਨ ਦੀ ਜੁਰਅੱਤ ਕਰੇਗਾ।' ਉਨ੍ਹਾਂ ਨੇ ਕਿਹਾ ਕਿ ਖਸ਼ੋਗੀ ਦੇ ਕਤਲ ਤੋਂ ਪਹਿਲਾਂ ਇਹ ਕਿਆਸ ਲਾਉਣਾ ਔਖਾ ਸੀ ਕਿ ਅੱਜ ਦੇ ਸਮੇਂ 'ਚ ਇੰਨੀ ਵਿਉਂਤਬੰਦੀ ਨਾਲ ਕਿਸੇ ਕਤਲ ਦੀ ਘਟਨਾ ਸਾਡੇ ਸਾਹਮਣੇ ਵਾਪਰੇਗੀ। ਰਾਸ਼ਟਰਪਤੀ ਨੇ ਕਿਹਾ, 'ਇਹ ਅਹਿਮ ਹੈ ਕਿ ਇਕ ਸੰਸਥਾ ਬੇਰਹਿਮੀ ਨਾਲ ਕਤਲ ਕਰਨ ਦੀ ਅਜਿਹੀ ਸਾਜ਼ਿਸ਼ ਘੜ ਸਕਦੀ ਹੈ। ਉਸ ਮੁਲਕ (ਸਾਊਦੀ ਅਰਬ) ਵਿੱਚ ਜਿਹੜਾ ਕਬਾਇਲੀ ਸਮੂਹ ਸੱਤਾ ਵਿੱਚ ਹੈ, ਉਹਦੀਆਂ ਕੁਝ ਆਪਣੀਆਂ ਸੁਰੱਖਿਆ ਸੀਮਾਵਾਂ ਹਨ। ਹਾਸ਼ੀਏ 'ਤੇ ਧੱਕੀ ਸੁਰੱਖਿਆ ਅਮਰੀਕੀ ਹਮਾਇਤ 'ਤੇ ਨਿਰਭਰ ਹੈ। ਇਹੀ ਉਹ ਸੁਪਰਪਾਵਰ ਹੈ, ਜੋ ਉਨ੍ਹਾਂ ਦੀ ਹਮਾਇਤ ਕਰ ਰਹੀ ਹੈ।'

